ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 142
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 24 May, 2026) ਐਤਵਾਰ, 24 ਮਈ, 2026, 10 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਮਿਉਂਸਪਲ ਚੋਣਾਂ ਲਈ ਕੁੱਲ 7555 ਉਮੀਦਵਾਰ ਚੋਣ ਮੈਦਾਨ 'ਚ

ਚੰਡੀਗੜ੍ਹ, 23 ਮਈ (ਚ.ਨ.ਸ.):ਰਾਜ ਚੋਣ ਕਮਿਸ਼ਨ, ਪੰਜਾਬ ਨੇ ਅੱਜ ਦੱਸਿਆ ਕਿ ਪੰਜਾਬ 'ਚ 26 ਮਈ ਨੂੰ ਹੋ ਰਹੀਆਂ ਮਿਉਂਸਪਲ ਆਮ ਚੋਣਾਂ, 2026 ਲਈ ਕੁੱਲ 7555 ਉਮੀਦਵਾਰ ਚੋਣ ਮੈਦਾਨ 'ਚ ਹਨ। ਦੱਸਣਯੋਗ ਹੈ ਕਿ ਇਨ੍ਹਾਂ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਦੇ 1801 ਉਮੀਦਵਾਰ, ਇੰਡੀਅਨ ਨੈਸ਼ਨਲ ਕਾਂਗਰਸ ਦੇ 1550 ਉਮੀਦਵਾਰ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 1316 ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ ਦੇ 1251 ਉਮੀਦਵਾਰ, ਬਹੁਜਨ ਸਮਾਜ ਪਾਰਟੀ (ਬਸਪਾ) ਦੇ (ਬਾਕੀ ਸਫ਼ਾ 2 'ਤੇ)

ਵਿਸ਼ੇਸ਼ ਪਛਾਣ ਟਿੱਪਣੀ

## ਚੜ੍ਹਦੀਕਲਾ ਦੇ 50ਵੇਂ ਵਰ੍ਹੇ 'ਚ ਪ੍ਰਵੇਸ਼ 'ਤੇ ਦੁਨੀਆਂ ਭਰ ਦੇ ਡਿਜੀਟਲ ਪਲੇਟਫਾਰਮਾਂ ਦੇ ਸਰਵੇ ਅਨੁਸਾਰ 'ਚੜ੍ਹਦੀਕਲਾ' ਪੰਜਾਬੀ ਦਾ ਤੀਜਾ ਵੱਡਾ ਅਖ਼ਬਾਰ

### ਹੁਣ ਗਲੋਬਲ ਇੰਟਰਨੈਟ ਪਹੁੰਚ ਨਾਲ ਦੁਨੀਆਂ ਦੇ ਪੰਜਾਬੀ ਡਾਇਸਪੋਰਾ 'ਚ ਪੜ੍ਹਿਆ ਜਾਣ ਵਾਲਾ ਪੰਥਕ ਅਖ਼ਬਾਰ ਹੈ

### 1998 'ਚ ਚੜ੍ਹਦੀਕਲਾ ਡਾਟ ਕਾਮ ਪਹਿਲੀ ਪੰਜਾਬੀ ਨਿਊਜ਼ ਵੈਬਸਾਈਟ ਹੋਈ ਸੀ ਲਾਂਚ

**ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ**
**ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**




ਅੱਜ ਪੰਜਾਬ ਦੀ ਗਲੋਬਲ ਆਵਾਜ਼ ਤੇ ਪੰਜਾਬੀ ਦੇ ਮਸਲੇ ਵਿਸ਼ੇਸ਼ ਕਰਕੇ ਪੰਥਕ ਅਤੇ ਗੁਰਬਾਣੀ ਨੂੰ ਉਭਾਰਨ ਵਾਲੇ ਇਸ ਡਿਜ਼ੀਟਲ ਯੁੱਗ ਵਿੱਚ ਪ੍ਰਾਪਤ ਸਰਵੇਖਣਾਂ ਅਨੁਸਾਰ 'ਰੋਜ਼ਾਨਾ ਚੜ੍ਹਦੀਕਲਾ' ਹੁਣ ਪੰਜਾਬੀ ਭਾਸ਼ਾ ਦਾ ਤੀਜਾ ਵੱਡਾ ਅਖ਼ਬਾਰ ਬਣਿਆ ਹੈ ।

ਇਹ ਸਰਵੇਖਣ ਪੂਰੀ ਦੁਨੀਆਂ ਵਿੱਚ ਡਿਜ਼ੀਟਲ ਪੋਰਟਲ 'ਤੇ ਏਜੰਸੀਆਂ ਵੱਲੋਂ ਭਾਰਤ ਦੀਆਂ ਭਾਸ਼ਾਈ ਅਖਬਾਰਾਂ ਬਾਰੇ ਸਮੇਂ-ਸਮੇਂ 'ਤੇ ਕੀਤੇ ਜਾਂਦੇ ਸਰਵੇ ਰਿਪੋਰਟਾਂ ਤੇ ਡਿਜ਼ੀਟਲ ਇੰਟਰਨੈਟ ਤੋਂ ਮਿਲਦੀ ਜਾਣਕਾਰੀ ਤੇ ਪਾਠਕਾਂ ਦੀ ਰੁਚੀ ਤੋਂ ਪਤਾ ਚਲਦਾ ਹੈ ।

ਇਸ ਸਬੰਧੀ ਪਿਛਲੇ ਦਿਨੀਂ ਆਈਆਈਟੀ ਦੀ ਇੱਕ ਪ੍ਰਜੈਂਟੇਸ਼ਨ ਰਿਪੋਰਟ ਵਿੱਚ ਵੀ ਭਾਰਤੀ ਭਾਸ਼ਾਵਾਂ ਬਾਰੇ ਜ਼ਿਕਰ ਕਰਦਿਆਂ ਹੋਇਆਂ 'ਚੜ੍ਹਦੀਕਲਾ ਦੀ ਹਾਜ਼ਰੀ ਦਾ ਜ਼ਿਕਰ ਕੀਤਾ ਗਿਆ ਹੈ । ਅੱਜ 'ਚੜ੍ਹਦੀਕਲਾ' ਪੰਜਾਬੀ ਮਸਲਿਆਂ ਅਤੇ ਪੰਜਾਬ ਦੇ ਲੋਕਾਂ ਦੀ ਉਹ ਆਵਾਜ਼ ਹੈ ਜੋ ਸ਼ਾਇਦ ਦੂਸਰੀਆਂ ਅਖਬਾਰਾਂ ਵਿੱਚ ਨਹੀਂ ਹੈ ਤੇ ਇਹੀ ਇਸਦੀ ਅੱਜ ਇਕ ਵਿਲੱਖਣ ਪਹਿਚਾਣ ਦਾ ਕਾਰਨ ਹੈ।

ਪੰਜਾਬੀ ਪੱਤਰਕਾਰੀ ਦੇ ਵਿਸ਼ਾਲ ਅਸਮਾਨ ਵਿੱਚ 'ਚੜ੍ਹਦੀਕਲਾ' ਨੇ ਆਪਣੀ ਵਿਲੱਖਣ ਪਛਾਣ ਸਿਰਫ਼ ਇੱਕ ਅਖ਼ਬਾਰ ਵਜੋਂ ਨਹੀਂ, ਸਗੋਂ ਲੋਕਾਂ ਦੀ ਆਵਾਜ਼ ਅਤੇ ਪੰਜਾਬੀਅਤ ਦੀ ਨਬਜ਼ ਵਜੋਂ ਬਣਾਈ ਹੈ। ਅੱਜ ਜਦੋਂ ਵੱਖ-ਵੱਖ ਸਰਵੇਖਣਾਂ, ਆਈਐਨਐਸ ਦੇ ਅੰਕੜਿਆਂ ਅਤੇ ਅੰਤਰਰਾਸ਼ਟਰੀ ਡਿਜ਼ੀਟਲ ਪਲੇਟਫਾਰਮਾਂ ਦੇ ਡਾਟਾ ਅਨੁਸਾਰ 'ਚੜ੍ਹਦੀਕਲਾ' ਪੰਜਾਬੀ ਦੇ ਤੀਸਰੇ ਸਭ ਤੋਂ ਵੱਡੇ ਅਖ਼ਬਾਰ ਵਜੋਂ ਆਪਣਾ ਮਜ਼ਬੂਤ ਸਥਾਨ ਬਣਾ ਚੁੱਕਾ ਹੈ, ਤਾਂ ਇਹ ਸਿਰਫ਼ ਇੱਕ ਮੀਡੀਆ ਸੰਸਥਾ ਦੀ ਸਫ਼ਲਤਾ ਨਹੀਂ, ਸਗੋਂ ਲੋਕ-ਵਿਸ਼ਵਾਸ ਦੀ ਜਿੱਤ ਹੈ।

1977 ਵਿੱਚ ਰੋਜ਼ਾਨਾ ਹੋਇਆ ਇਹ ਅਖ਼ਬਾਰ ਅੱਜ 49 ਸਾਲਾਂ ਦੀ ਯਾਤਰਾ ਪੂਰੀ ਕਰਕੇ 50ਵੇਂ ਵਰ੍ਹੇ ਵੱਲ ਵੱਧ ਰਿਹਾ ਹੈ। ਇਸ ਲੰਮੇ ਸਫ਼ਰ ਦੌਰਾਨ 'ਚੜ੍ਹਦੀਕਲਾ' ਨੇ ਜੋ ਸਭ ਤੋਂ ਵੱਡੀ ਪੂੰਜੀ ਹਾਸਲ ਕੀਤੀ ਹੈ, ਉਹ ਹੈ ਲੋਕਾਂ ਦਾ ਭਰੋਸਾ। ਇਹ ਭਰੋਸਾ ਇਸ਼ਤਿਹਾਰਾਂ ਨਾਲ ਨਹੀਂ ਬਣਦਾ, ਇਹ ਬਣਦਾ ਹੈ ਲੋਕਾਂ ਦੇ ਦਰਦ ਨੂੰ ਸਮਝਣ ਨਾਲ, ਪੰਜਾਬ ਦੇ ਅਸਲੀ ਮੁੱਦਿਆਂ ਨੂੰ ਆਵਾਜ਼ ਦੇਣ ਨਾਲ ਅਤੇ ਸਮੇਂ ਦੀਆਂ ਸਖ਼ਤ ਘੜੀਆਂ ਵਿੱਚ ਸੱਚ ਦੇ ਨਾਲ ਖੜ੍ਹੇ ਰਹਿਣ ਨਾਲ।

ਅੱਜ ਪੰਜਾਬੀ ਪੱਤਰਕਾਰੀ ਵਿੱਚ ਬਹੁਤ ਸਾਰੇ ਅਖ਼ਬਾਰ ਹਨ, ਪਰ 'ਚੜ੍ਹਦੀਕਲਾ' ਨੂੰ ਵਿਸ਼ੇਸ਼ ਬਣਾਉਂਦੀ ਹੈ ਇਸਦੀ ਲੋਕਧਾਰਾ ਨਾਲ ਜੁੜੀ ਹੋਈ ਪੱਤਰਕਾਰੀ। ਇਹ ਅਖ਼ਬਾਰ ਸਿਰਫ਼ ਵੱਡੇ ਸ਼ਹਿਰਾਂ ਦੀ ਰਾਜਨੀਤੀ ਤੱਕ ਸੀਮਿਤ ਨਹੀਂ ਰਿਹਾ, ਇਸ ਨੇ ਪਿੰਡਾਂ ਦੀ ਧੜਕਣ, ਕਿਸਾਨਾਂ ਦੀ ਚਿੰਤਾ, ਨੌਜਵਾਨਾਂ ਦੀ ਬੇਚੈਨੀ, ਪੰਜਾਬੀ ਭਾਸ਼ਾ ਦੇ ਮਸਲੇ ਅਤੇ ਸਮਾਜਿਕ ਸਰੋਕਾਰਾਂ ਨੂੰ ਆਪਣੇ ਕੇਂਦਰ ਵਿੱਚ ਰੱਖਿਆ। ਇਹੀ ਕਾਰਨ ਹੈ ਕਿ ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਪਾਠਕ ਵਰਗ ਇਸ ਨਾਲ ਦਿਲੀ ਤੌਰ 'ਤੇ ਜੁੜਿਆ ਹੋਇਆ ਹੈ।

ਅੱਜ ਖ਼ਾਸ ਤੌਰ 'ਤੇ ਵਿਦੇਸ਼ਾਂ ਵਿੱਚ ਵੱਸਦਾ ਪੰਜਾਬੀ ਡਾਇਸਪੋਰਾ 'ਚੜ੍ਹਦੀਕਲਾ' ਨੂੰ ਆਪਣੀ ਮਿੱਟੀ ਨਾਲ ਜੁੜੇ ਰਹਿਣ ਦਾ ਮਾਧਿਅਮ ਮੰਨਦਾ ਹੈ। 'ਚੜ੍ਹਦੀਕਲਾ' ਅਜਿਹਾ ਪਹਿਲਾ ਪੰਜਾਬੀ ਅਖ਼ਬਾਰ ਸੀ ਜੋ ਕਿ 1998 ਵਿੱਚ ਆਨਲਾਈਨ ਹੋਇਆ ਸੀ।

ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਪੰਜਾਬੀ ਪਰਿਵਾਰ ਇਸਨੂੰ ਡਿਜ਼ੀਟਲ ਰੂਪ ਵਿੱਚ ਪੜ੍ਹ ਰਹੇ ਹਨ। ਇੰਟਰਨੈੱਟ ਅਤੇ ਆਈ.ਟੀ. ਪਲੇਟਫਾਰਮਾਂ ਉੱਤੇ ਵਧਦੀ ਪਹੁੰਚ ਨੇ 'ਚੜ੍ਹਦੀਕਲਾ' ਨੂੰ ਸਿਰਫ਼ ਇੱਕ ਖੇਤਰੀ ਅਖ਼ਬਾਰ ਨਹੀਂ ਰਹਿਣ ਦਿੱਤਾ, ਸਗੋਂ ਇਹ ਹੁਣ ਗਲੋਬਲ ਪੰਜਾਬੀ ਕਮਿਊਨਿਟੀ ਦੀ ਆਵਾਜ਼ ਬਣਦਾ ਜਾ ਰਿਹਾ ਹੈ।

ਇਸਦੀ ਇੱਕ ਹੋਰ ਵੱਡੀ ਖ਼ਾਸੀਅਤ ਇਹ ਹੈ ਕਿ ਇਸਨੇ ਬਦਲਦੇ ਮੀਡੀਆ ਯੁੱਗ ਵਿੱਚ ਵੀ ਆਪਣੀ ਸੰਪਾਦਕੀ ਮਰਿਯਾਦਾ ਨੂੰ ਕਾਇਮ ਰੱਖਿਆ ਹੈ। ਅੱਜ ਜਦੋਂ ਮੀਡੀਆ ਦਾ ਇੱਕ ਵੱਡਾ ਹਿੱਸਾ ਸਨਸਨੀਖੇਜ਼ੀ ਅਤੇ ਰਾਜਨੀਤਿਕ ਧਰੁਵੀਕਰਨ ਦੀ ਦੌੜ ਵਿੱਚ ਹੈ, 'ਚੜ੍ਹਦੀਕਲਾ' ਨੇ ਸੰਤੁਲਿਤ ਅਤੇ ਸਮਾਜਿਕ ਜ਼ਿੰਮੇਵਾਰੀ ਵਾਲੀ ਪੱਤਰਕਾਰੀ ਨੂੰ ਤਰਜੀਹ ਦਿੱਤੀ ਹੈ। ਇਹੀ ਕਾਰਨ ਹੈ ਕਿ ਪਾਠਕ ਇਸਨੂੰ ਸਿਰਫ਼ ਪੜ੍ਹਦੇ ਨਹੀਂ, ਸਗੋਂ ਇਸ 'ਤੇ ਭਰੋਸਾ ਵੀ ਕਰਦੇ ਹਨ।

ਇਸ ਦੇ ਬਾਨੀ ਗਿਆਨੀ ਹਰਨਾਮ ਸਿੰਘ ਜੀ ਦੀ ਸੋਚ ਅਤੇ ਸੇਵਾ ਨਾਲ ਸ਼ੁਰੂ ਹੋਇਆ ਇਹ ਸਫ਼ਰ ਅੱਜ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਦੀ ਅਗਵਾਈ ਹੇਠ ਨਵੀਆਂ ਬੁਲੰਦੀਆਂ ਵੱਲ ਵੱਧ ਰਿਹਾ ਹੈ। ਅੱਜ 'ਚੜ੍ਹਦੀਕਲਾ' ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਜੇ ਪੱਤਰਕਾਰੀ ਲੋਕਾਂ ਦੀ ਨਬਜ਼ ਨਾਲ ਜੁੜੀ ਰਹੇ, ਤਾਂ ਸਮਾਂ ਉਸਦੀ ਪਛਾਣ ਨੂੰ ਹੋਰ ਮਜ਼ਬੂਤ ਕਰਦਾ ਹੈ।

ਅੱਜ 'ਚੜ੍ਹਦੀਕਲਾ' ਸਿਰਫ਼ ਪੰਜਾਬੀ ਦਾ ਤੀਜਾ ਵੱਡਾ ਅਖ਼ਬਾਰ ਨਹੀਂ, ਸਗੋਂ ਪੰਜਾਬੀਅਤ, ਲੋਕ-ਚੇਤਨਾ ਅਤੇ ਭਰੋਸੇ ਦੀ ਇੱਕ ਮਜ਼ਬੂਤ ਸੰਸਥਾ ਵਜੋਂ ਉਭਰ ਰਿਹਾ ਹੈ, ਜਿਸਦਾ ਆਉਣ ਵਾਲਾ ਸਮਾਂ ਹੋਰ ਵੀ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਦਿਖਾਈ ਦਿੰਦਾ ਹੈ।

## ਪੰਜਾਬ 'ਚ ਮੌਸਮ ਵਿਭਾਗ ਵੱਲੋਂ ਯੈਲੋ ਅਲਰਟ ਜਾਰੀ

### ਤੇਜ਼ ਲੂ 'ਚ ਘਰੋਂ ਨਿਕਲਣਾ ਹੋਵੇਗਾ ਮੁਸ਼ਕਿਲ

ਚੰਡੀਗੜ੍ਹ, 23 ਮਈ (ਚ.ਨ.ਸ.): ਭਾਰਤੀ ਮੌਸਮ ਵਿਭਾਗ ਵੱਲੋਂ ਪੰਜਾਬ ਲਈ ਅਗਲੇ ਪੰਜ ਦਿਨਾਂ ਦੀ ਮੌਸਮ ਚੇਤਾਵਨੀ ਜਾਰੀ ਕੀਤੀ ਗਈ ਹੈ। ਵਿਭਾਗ ਅਨੁਸਾਰ ਅੱਜ ਸ਼ਾਮ ਨੂੰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਗਰਜ-ਚਮਕ, ਤੇਜ਼ ਹਵਾਵਾਂ ਅਤੇ ਹਲਕੀ ਬਾਰਿਸ਼ ਦੀ ਸੰਭਾਵਨਾ ਹੈ। ਇਸ ਦੌਰਾਨ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਲੁਧਿਆਣਾ, ਬਰਨਾਲਾ, ਸੰਗਰੂਰ, ਬਠਿੰਡਾ ਅਤੇ ਮਾਨਸਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਇਸ ਦੇ ਨਾਲ ਹੀ 24 ਮਈ ਨੂੰ ਸੂਬੇ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੌਸਮ ਸਾਫ਼ ਰਹਿਣ ਦੀ ਸੰਭਾਵਨਾ ਹੈ, ਪਰ ਦੱਖਣੀ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਹੀਟ ਵੇਵ ਨੂੰ ਲੈ ਕੇ ਚੇਤਾਵਨੀ ਦਿੱਤੀ ਗਈ ਹੈ। 25 ਮਈ ਨੂੰ ਗਰਮੀ ਦਾ ਪ੍ਰਭਾਵ ਹੋਰ ਵਧਣ ਦੀ ਸੰਭਾਵਨਾ ਹੈ। ਫਾਜ਼ਿਲਕਾ, ਫਿਰੋਜ਼ਪੁਰ, ਮੁਕਤਸਰ, ਬਠਿੰਡਾ ਅਤੇ ਮਾਨਸਾ ਵਿੱਚ ਓਰੇਂਜ ਅਲਰਟ ਜਾਰੀ ਕਰਦਿਆਂ ਹੀਟ ਵੇਵ ਤੋਂ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ, (ਬਾਕੀ ਸਫਾ 2 'ਤੇ)

## ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਲਗਾਤਾਰ ਤੀਜੀ ਵਾਰ ਵਾਧਾ

### ਭਵਿੱਖ ਵਿੱਚ ਮਾਲ-ਭਾੜਾ ਵਧਣ ਅਤੇ ਰੋਜ਼ਾਨਾ ਵਰਤੋਂ ਦੀਆਂ ਹੋਰ ਚੀਜ਼ਾਂ ਦੇ ਮਹਿੰਗੇ ਹੋਣ ਦਾ ਖ਼ਦਸ਼ਾ




**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 23 ਮਈ : ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੇ ਤਣਾਅ ਦੇ ਵਿਚਕਾਰ ਦੇਸ਼ ਦੇ ਆਮ ਨਾਗਰਿਕਾਂ 'ਤੇ ਮਹਿੰਗਾਈ ਦਾ ਭਾਰ ਪੈਣਾ ਸ਼ੁਰੂ ਹੋ ਗਿਆਹੈ। ਸਰਕਾਰੀ ਤੇਲ ਕੰਪਨੀਆਂ ਨੇ ਸ਼ਨਿਚਰਵਾਰ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 91 ਪੈਸੇ ਪ੍ਰਤੀ ਲੀਟਰ ਤੱਕ ਦਾ ਵਾਧਾ ਕਰਕੇ ਜਨਤਾ ਦਾ ਲੱਕ ਤੋੜ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ 10 ਦਿਨਾਂ ਦੇ ਅੰਦਰ-ਅੰਦਰ ਤੇਲ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਇਹ ਤੀਜਾ ਵੱਡਾ ਵਾਧਾ ਹੈ, ਜਿਸ ਨਾਲ ਹੁਣ ਹਰ ਵਰਗ ਦੇ ਬਜਟ ਦਾ ਸੰਤੁਲਨ ਪੂਰੀ ਤਰ੍ਹਾਂ ਵਿਗੜ ਗਿਆ ਹੈ। ਇਸ ਤਾਜ਼ਾ ਵਾਧੇ ਤੋਂ ਬਾਅਦ ਰਾਜਧਾਨੀ ਦਿੱਲੀ ਵਿੱਚ ਪੈਟਰੋਲ ਦੀ ਕੀਮਤ 87 ਪੈਸੇ ਦੀ ਛਾਲ ਲਗਾ ਕੇ 98.64 ਰੁਪਏ ਤੋਂ ਸਿੱਧੀ 99.51 (ਬਾਕੀ ਸਫਾ 2 'ਤੇ)

## ਅਮਰੀਕੀ ਵਿਦੇਸ਼ ਮੰਤਰੀ ਰੂਬੀਓ ਵੱਲੋਂ ਮੋਦੀ ਨਾਲ ਮੁਲਾਕਾਤ

## ਰੱਖਿਆ, ਵਪਾਰ ਅਤੇ ਹਿੰਦ-ਪ੍ਰਸ਼ਾਂਤ ਖੇਤਰ 'ਚ ਸਹਿਯੋਗ ਸਮੇਤ ਕਈ ਅਹਿਮ ਮੁੱਦਿਆਂ 'ਤੇ ਕੀਤੀ ਗੱਲਬਾਤ

### ਟਰੰਪ ਨੇ ਮੋਦੀ ਨੂੰ ਅਮਰੀਕਾ ਆਉਣ ਦਾ ਦਿੱਤਾ ਸੱਦਾ



**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 23 ਮਈ : ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕਾ ਆਉਣ ਦਾ ਰਸਮੀ ਸੱਦਾ ਦਿੱਤਾ।

ਦੋਵਾਂ ਆਗੂਆਂ ਵਿਚਾਲੇ ਹੋਈ ਇਸ ਉੱਚ ਪੱਧਰੀ ਬੈਠਕ ਵਿੱਚ ਰੱਖਿਆ, ਵਪਾਰ, ਊਰਜਾ, ਰਣਨੀਤਕ ਤਕਨਾਲੋਜੀ ਅਤੇ ਇੰਡੋ-ਪੈਸੀਫਿਕ (ਹਿੰਦ-ਪ੍ਰਸ਼ਾਂਤ) ਖੇਤਰ ਵਿੱਚ ਸਹਿਯੋਗ ਸਮੇਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ ਅਤੇ ਈਰਾਨ ਸੰਕਟ ਵਰਗੇ ਗੰਭੀਰ ਵਿਸ਼ਿਆਂ 'ਤੇ ਵੀ ਗੱਲਬਾਤ ਹੋਈ। ਇਸ ਅਹਿਮ ਬੈਠਕ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ, ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਅਤੇ ਅਮਰੀਕੀ ਅੰਡਰ ਸੈਕਟਰੀ ਐਲੀਸਨ ਹੂਕਰ ਵੀ ਮੌਜੂਦ ਸਨ।ਮੁਲਾਕਾਤ ਤੋਂ ਤੁਰਤ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ 'ਤੇ ਇਸ ਬੈਠਕ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਖ਼ੁਸ਼ੀ ਜ਼ਾਹਰ ਕੀਤੀ। ਉਨ੍ਹਾਂ ਲਿਖਿਆ,"ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ (ਬਾਕੀ ਸਫਾ 2 'ਤੇ)

## ਤੇਲ ਕੀਮਤਾਂ ਵਧਣ 'ਤੇ ਕਾਂਗਰਸ ਨੇ ਭਾਜਪਾ ਨੂੰ ਘੇਰਿਆ

ਨਵੀਂ ਦਿੱਲੀ, 23 ਮਈ (ਚ.ਨ.ਸ.):ਅੱਠ ਦਿਨਾਂ ਵਿੱਚ ਈਂਧਨ ਦੀਆਂ ਕੀਮਤਾਂ ਵਿੱਚ ਤੀਜੇ ਵਾਧੇ ਤੋਂ ਬਾਅਦ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਸ਼ਨਿਚਰਵਾਰ ਨੂੰ ਦੋਸ਼ ਲਗਾਇਆ ਕਿ ਸਰਕਾਰ ਕਿਸ਼ਤਾਂ ਵਿੱਚ ਜਨਤਾ ਦੀ ਕਮਾਈ ਨੂੰ ਲੁੱਟ ਰਹੀ ਹੈ। ਐਕਸ 'ਤੇ ਹਿੰਦੀ ਵਿੱਚ ਇੱਕ ਪੋਸਟ ਵਿੱਚ, ਖੜਗੇ ਨੇ ਦਾਅਵਾ ਕੀਤਾ ਕਿ ਸਰਕਾਰ ਵਿੱਚ ਲੀਡਰਸ਼ਿਪ ਦਾ ਸੰਕਟ ਹੈ, ਅਤੇ ਕਿਹਾ ਕਿ ਜਿੱਥੇ ਦੂਜੇ ਦੇਸ਼ ਆਪਣੇ ਲੋਕਾਂ ਨੂੰ ਰਾਹਤ ਦੇ ਰਹੇ ਹਨ, ਉੱਥੇ ਹੀ ਇੱਥੇ ਭਾਜਪਾ ਸਰਕਾਰ ਉਨ੍ਹਾਂ ਨੂੰ ਲਗਾਤਾਰ 'ਲੁੱਟ' ਰਹੀ ਹੈ। ਉਨ੍ਹਾਂ ਆਪਣੀ ਪੋਸਟ ਵਿੱਚ ਕਿਹਾ, 'ਪੈਟਰੋਲ ਹੁਣ 100 ਰੁਪਏ ਨੂੰ ਪਾਰ ਕਰ ਗਿਆ ਹੈ, ਇਸ ਵਾਰ ਦੇ ਆਸ-ਪਾਸ... ਜਨਤਾ ਦੀ ਕਮਾਈ ਨੂੰ ਕਿਸ਼ਤਾਂ ਵਿੱਚ ਲੁੱਟਿਆ ਜਾ ਰਿਹਾ ਹੈ! ਪੈਟਰੋਲ-ਡੀਜ਼ਲ 'ਤੇ ਰੋਜ਼ਾਨਾ 1,000 ਕਰੋੜ ਰੁਪਏ ਦਾ ਕੇਂਦਰੀ ਟੈਕਸ (ਬਾਕੀ ਸਫਾ 2 'ਤੇ)

## ਮਾਨ ਤੇ ਕੇਜਰੀਵਾਲ ਵੱਲੋਂ ਭੋਂਡਸੀ ਜੇਲ੍ਹ 'ਚ ਬੰਦ ਸੰਜੀਵ ਅਰੋੜਾ ਨਾਲ ਮੁਲਾਕਾਤ

### ਕੇਂਦਰੀ ਏਜੰਸੀਆਂ ਦੀ ਕਾਰਵਾਈ ਦੌਰਾਨ ਪਾਰਟੀ ਨੇ ਪ੍ਰਗਟਾਈ ਇਕਜੁੱਟਤਾ

**ਚੜ੍ਹਦੀਕਲਾ ਬਿਊਰੋ**



ਗੁਰੂਗ੍ਰਾਮ, 23 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਨੂੰ ਅਚਾਨਕ ਗੁਰੂਗ੍ਰਾਮ ਦੀ ਭੋਂਡਸੀ ਜੇਲ੍ਹ ਦਾ ਦੌਰਾ ਕੀਤਾ। ਦੋਵੇਂ ਆਗੂ ਇੱਥੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮਿਲਣ ਪਹੁੰਚੇ ਸਨ, ਜੋ ਇਸ ਵੇਲੇ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਵਿੱਚ ਬੰਦ ਹਨ। ਸੂਤਰਾਂ ਮੁਤਾਬਕ,'ਆਪ' ਦੇ ਇਹ ਦੋਵੇਂ ਸੀਨੀਅਰ ਆਗੂ ਦਿੱਲੀ ਤੋਂ ਸਿੱਧਾ ਗੁਰੂਗ੍ਰਾਮ ਪਹੁੰਚੇ ਅਤੇ ਉੱਥੋਂ ਹਾਈ-ਸੁਰੱਖਿਆ ਵਾਲੀ ਭੋਂਡਸੀ ਜੇਲ੍ਹ ਲਈ ਰਵਾਨਾ ਹੋਏ। ਜੇਲ੍ਹ ਪ੍ਰਸ਼ਾਸਨ ਤੋਂ ਲੋੜੀਂਦੀ ਮਨਜ਼ੂਰੀ ਲੈਣ ਤੋਂ ਬਾਅਦ, ਭਗਵੰਤ ਮਾਨ ਅਤੇ ਕੇਜਰੀਵਾਲ ਨੇ ਜੇਲ੍ਹ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਨੇ 'ਰੋਜ਼ਗਾਰ ਮੇਲੇ' ਵਿੱਚ 51,000 ਨਿਯੁਕਤੀ ਪੱਤਰ ਵੰਡੇ

### ਹੁਣ ਤੱਕ 18 ਸਮਾਗਮਾਂ ਰਾਹੀਂ ਲਗਭਗ 12 ਲੱਖ ਨਿਯੁਕਤੀ ਪੱਤਰ ਜਾਰੀ ਕੀਤੇ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 23 ਮਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ 'ਰੋਜ਼ਗਾਰ ਮੇਲੇ' ਵਿੱਚ 51,000 ਤੋਂ ਵੱਧ ਨੌਜਵਾਨਾਂ ਨੂੰ ਕੇਂਦਰੀ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਡਿਜੀਟਲ ਰੂਪ ਵਿੱਚ ਵੰਡੇ। 'ਰੋਜ਼ਗਾਰ ਮੇਲੇ' ਦੀ ਸ਼ੁਰੂਆਤ ਤੋਂ ਲੈ ਕੇ, ਦੇਸ਼ ਭਰ ਵਿੱਚ ਆਯੋਜਿਤ 18 ਅਜਿਹੇ ਸਮਾਗਮਾਂ ਰਾਹੀਂ ਲਗਭਗ 1.2 ਮਿਲੀਅਨ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ, 'ਅੱਜ ਦੇਸ਼ ਭਰ ਦੇ ਹਜ਼ਾਰਾਂ ਨੌਜਵਾਨਾਂ ਲਈ ਬਹੁਤ ਮਹੱਤਵਪੂਰਨ ਦਿਨ ਹੈ। ਅੱਜ 51,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਮਿਲੇ ਹਨ।'ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਨੌਕਰੀਆਂ ਪ੍ਰਾਪਤ ਕਰਨ ਵਾਲੇ ਸਾਰੇ ਨੌਜਵਾਨ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਭਾਈਵਾਲ ਬਣ ਰਹੇ ਹਨ। (ਬਾਕੀ ਸਫਾ 2 'ਤੇ)

## ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਖੁੱਲ੍ਹੇ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ

### 5 ਕੁਇੰਟਲ ਫੁੱਲਾਂ ਨਾਲ ਕੀਤੀ ਸਜਾਵਟ, ਪਹਿਲੇ ਦਿਨ 6500 ਤੋਂ ਵੱਧ ਸ਼ਰਧਾਲੂ ਹੋਏ ਨਤਮਸਤਕ

**ਚੜ੍ਹਦੀਕਲਾ ਬਿਊਰੋ**



ਗੋਬਿੰਦਧਾਮ, 23 ਮਈ : ਉੱਤਰਾਖੰਡ ਸਥਿਤ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 2026 ਅੱਜ ਰਸਮੀ ਤੌਰ 'ਤੇ ਖਾਲਸਾਈ ਰਵਾਇਤਾਂ ਨਾਲ ਸ਼ੁਰੂ ਹੋ ਗਈ ਹੈ। ਜਿੱਥੇ ਅੱਜ ਪਹਿਲੇ ਦਿਨ ਸੰਗਤ ਵਾਸਤੇ ਗੁਰਦੁਆਰਾ ਸਾਹਿਬ ਦੇ ਕਿਵਾੜ ਖੋਲ੍ਹੇ ਗਏ ਹਨ ਅਤੇ ਲਗਭਗ 6500 ਸ਼ਰਧਾਲੂਆਂ ਨੇ ਪਹਿਲੇ ਦਿਨ ਮੱਥਾ ਟੇਕਿਆ।

ਪੰਜ ਪਿਆਰਿਆਂ ਦੀ ਅਗਵਾਈ ਹੇਠ ਮੁੱਖ ਗ੍ਰੰਥੀ ਨੇ (ਬਾਕੀ ਸਫਾ 2 'ਤੇ)

ਵਿਜੇ ਨੇ ਖ਼ੁਦ ਕੀਤਾ ਐਲਾਨ

## ਮੁੱਖ ਮੰਤਰੀ ਦੇ ਕਾਫ਼ਲੇ ਲਈ ਨਾ ਰੋਕੀ ਜਾਵੇ ਟ੍ਰੈਫ਼ਿਕ !

ਚੇਨਈ, 23 ਮਈ (ਚ.ਨ.ਸ.): ਤਾਮਿਲਨਾਡੂ 'ਚ ਮੁੱਖ ਮੰਤਰੀ ਵਿਜੇ ਦੀ ਅਗਵਾਈ ਵਾਲੀ ਨਵੀਂ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਪ੍ਰਸ਼ਾਸਨਿਕ ਅਤੇ ਸਿਆਸੀ ਪੱਧਰ 'ਤੇ ਕਈ ਵੱਡੇ ਬਦਲਾਅ ਕੀਤੇ ਹਨ, ਜੋ ਦੇਸ਼ ਭਰ 'ਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਮੁੱਖ ਮੰਤਰੀ ਵਿਜੇ ਨੇ ਹੁਕਮ ਦਿੱਤੇ ਹਨ ਕਿ ਉਨ੍ਹਾਂ ਦੇ ਕਾਫਲੇ ਲਈ ਟ੍ਰੈਫਿਕ ਨਹੀਂ ਰੋਕਿਆ ਜਾਵੇਗਾ। ਮੁੱਖ ਮੰਤਰੀ ਦਾ ਕਾਫਲਾ ਇਕ ਵੱਖਰੀ ਲੇਨ ਤੋਂ ਲੰਘਦਾ ਹੈ, ਜਦਕਿ ਬਾਕੀ ਲੇਨਾਂ 'ਚ ਆਮ ਆਵਾਜਾਈ ਜਾਰੀ ਰਹਿੰਦੀ ਹੈ। ਮਹਿਲਾ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ 'ਸਿੰਗੱਪੇਨ ਫੋਰਸ' ਦੀ ਸ਼ੁਰੂਆਤ ਕੀਤੀ ਗਈ ਹੈ। ਸਰਕਾਰ ਨੇ ਹਰ ਥਾਣੇ 'ਚ 24 ਘੰਟੇ ਸੀਸੀਟੀਵੀ ਚਾਲੂ ਰੱਖਣ ਦੇ ਨਿਰਦੇਸ਼ ਦਿੱਤੇ ਹਨ ਅਤੇ ਹੁਣ ਸ਼ਿਕਾਇਤ (ਬਾਕੀ ਸਫਾ 2 'ਤੇ)

## ਇਬੋਲਾ ਮਾਮਲੇ 'ਤੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਦਾਇਤਾਂ ਜਾਰੀ

ਨਵੀਂ ਦਿੱਲੀ, 23 ਮਈ (ਚ.ਨ.ਸ.):ਕੇਂਦਰੀ ਸਿਹਤ ਮੰਤਰਾਲੇ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀਜ਼) ਨੂੰ ਇਬੋਲਾ ਦੇ ਮਾਮਲੇ 'ਚ ਨਿਗਰਾਨੀ ਵਧਾਉਣ, ਹਸਪਤਾਲਾਂ ਦੀ ਤਿਆਰੀ ਅਤੇ ਕੌਮਾਂਤਰੀ ਯਾਤਰੂਆਂ ਦੀ ਸਕਰੀਨਿੰਗ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਸ਼ਵ ਸਿਹਤ ਸੰਗਠਨ ਵੱਲੋਂ ਕਾਂਗੋ ਅਤੇ ਯੂਗਾਂਡਾ 'ਚ ਇਬੋਲਾ ਮਹਾਂਮਾਰੀ ਫੈਲਣ ਦਾ ਐਲਾਨ ਕੀਤੇ ਜਾਣ ਮਗਰੋਂ ਕੇਂਦਰ ਸਰਕਾਰ ਹਰਕਤ 'ਚ ਆ ਗਈ ਹੈ। ਡਬਲਿਊ.ਐੱਚ.ਓ. ਦੇ ਮੁਖੀ ਟੈਡਰੋਸ ਅਡੋਨਮ ਗਿਬਰੇਜ਼ਸ ਨੇ ਕਿਹਾ ਕਿ ਕਾਂਗੋ ਵਿੱਚ ਇਬੋਲਾ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਇਹ ਉਥੇ ਵੱਡਾ ਖ਼ਤਰਾ ਬਣ ਰਿਹਾ ਹੈ। ਇਬੋਲਾ ਕਾਰਨ ਕਾਂਗੋ 'ਚ 170 ਤੋਂ (ਬਾਕੀ ਸਫਾ 2 'ਤੇ)






## ਰਾਘਵ ਚੱਢਾ ਬਣੇ ਰਾਜ ਸਭਾ ਦੀ ਪਟੀਸ਼ਨ ਕਮੇਟੀ ਦੇ ਨਵੇਂ ਚੇਅਰਮੈਨ

ਨਵੀਂ ਦਿੱਲੀ, 23 ਮਈ



(ਚ.ਨ.ਸ.): ਰਾਜ ਸਭਾ ਮੈਂਬਰ ਰਾਘਵ ਚੱਢਾ ਜੋ ਹਾਲ ਹੀ ਵਿੱਚ ਆਮ ਆਦਮੀ ਪਾਰਟੀ (ਆਪ) ਤੋਂ ਭਾਜਪਾ ਵਿੱਚ ਸ਼ਾਮਲ ਹੋਏ ਹਨ, ਨੂੰ ਸੰਸਦ ਦੇ ਉਪਰਲੇ ਸਦਨ (ਰਾਜ ਸਭਾ) ਦੀ ਪਟੀਸ਼ਨ ਕਮੇਟੀ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਰਾਜ ਸਭਾ ਦੇ ਚੇਅਰਮੈਨ ਸੀ.ਪੀ.ਰਾਧਾਕ੍ਰਿਸ਼ਨਨ ਨੇ ਇਸ ਪਟੀਸ਼ਨ ਕਮੇਟੀ ਦਾ ਮੁੜ ਗਠਨ ਕਰਦੇ ਹੋਏ ਸਦਨ ਦੇ 10 ਮੈਂਬਰਾਂ ਨੂੰ ਇਸ ਪੈਨਲ ਲਈ ਨਾਮਜ਼ਦ ਕੀਤਾ ਹੈ। ਰਾਜ ਸਭਾ ਵੱਲੋਂ ਜਾਰੀ ਇੱਕ ਨੋਟੀਫਿਕੇਸ਼ਨ ਵਿੱਚ ਦੱਸਿਆ ਗਿਆ ਹੈ ਕਿ ਰਾਘਵ ਚੱਢਾ ਨੂੰ ਇਸ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਅਤੇ ਰਾਜ ਸਭਾ ਦੇ ਚੇਅਰਮੈਨ (ਬਾਕੀ ਸਫਾ 2 'ਤੇ)

## ਸਿੱਖ ਮੁੱਦਿਆਂ ਸਬੰਧੀ ਵਕੀਲ ਨਵਕਿਰਨ ਸਿੰਘ ਨੇ ਕੇਂਦਰੀ ਗ੍ਰਹਿ ਵਿਭਾਗ ਨੂੰ ਲਿਖਿਆ ਪੱਤਰ

## ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹਣ ਸਮੇਤ ਕਈ ਸਿੱਖ ਮਸਲੇ ਚੁੱਕੇ

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 23 ਮਈ : ਦੇਸ਼ ਖਾਸ ਕਰਕੇ ਪੰਜਾਬ ਵਿੱਚ ਸਿੱਖਾਂ ਦੇ ਲੰਬੇ ਸਮੇਂ ਤੋਂ ਲਟਕ ਰਹੇ ਮੁੱਦਿਆਂ ਬਾਰੇ, ਐਡਵੋਕੇਟ ਨਵਕਿਰਨ ਸਿੰਘ ਵੱਲੋਂ ਕੇਂਦਰੀ ਗ੍ਰਹਿ ਵਿਭਾਗ ਨੂੰ 10 ਦਸਤਖ਼ਤਾਂ ਵਾਲਾ ਇੱਕ ਪੱਤਰ ਭੇਜਿਆ ਗਿਆ ਹੈ ਜਿਸ ਵਿੱਚ ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਆਜ਼ਾਦੀ ਤੋਂ ਬਾਅਦ ਕਈ ਮੁੱਦਿਆਂ 'ਤੇ ਚਰਚਾ ਸ਼ੁਰੂ ਕਰਨ ਜਿਨ੍ਹਾਂ ਦਾ ਅਜੇ ਤੱਕ ਹੱਲ ਨਹੀਂ ਕੀਤਾ ਗਿਆ ਹੈ।



ਆਜ਼ਾਦੀ ਤੋਂ ਬਾਅਦ ਵੱਖ-ਵੱਖ ਸਿਆਸੀ ਪਾਰਟੀਆਂ ਪੰਜਾਬ ਅਤੇ ਕੇਂਦਰ ਵਿੱਚ ਕਾਫ਼ੀ ਸਮੇਂ ਤੱਕ ਹਕੂਮਤ ਕਰ ਚੁੱਕੀਆਂ ਹਨ, ਪਰ ਸਿੱਖਾਂ ਨਾਲ ਸਬੰਧਿਤ ਕੁਝ ਅਹਿਮ ਮੁੱਦੇ ਅੱਜ ਤੱਕ ਅਣਸੁਲਝੇ/ਅਣਗੌਲੇ ਪਏ ਹਨ। ਕੇਂਦਰ ਸਰਕਾਰ ਸੰਵਾਦ ਤੇ ਵਿਚਾਰ-ਵਟਾਂਦਰੇ ਰਾਹੀਂ ਇਨ੍ਹਾਂ ਲਟਕਦੇ ਮਸਲਿਆਂ ਨੂੰ ਬਿਨਾਂ ਸਿਆਸੀ ਖਿੱਚੋਤਾਣ ਜਾਂ ਆਰਥਿਕ ਨੁਕਸਾਨ ਦੇ ਹੱਲ ਕਰ ਸਕਦੀ ਹੈ। ਸਿੱਖਾਂ ਦੀਆਂ ਕੁਝ ਚਿੰਤਾਵਾਂ ਧਾਰਮਿਕ ਹਨ, ਜਦਕਿ ਕੁਝ ਸਿੱਖ ਪਛਾਣ, ਸਮਾਜਿਕ ਕਦਰਾਂ-ਕੀਮਤਾਂ ਅਤੇ ਕਾਨੂੰਨੀ ਨਿਆਂ ਨਾਲ ਸਬੰਧਿਤ ਹਨ। ਇਨ੍ਹਾਂ ਮੁੱਦਿਆਂ ਨੂੰ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਅੰਦਰ ਹੱਲ ਕਰਨ ਨਾਲ ਬੇਸ਼ੱਕ ਉਹ ਕਈ ਖਟਕਣਾਂ ਅਤੇ ਚਿੰਤਾਵਾਂ ਦੂਰ ਹੋ ਜਾਣਗੀਆਂ ਜੋ ਕੌਮ ਅੰਦਰ ਕੇਂਦਰ ਅਤੇ ਹਕੂਮਤੀ ਧਿਰ ਪ੍ਰਤੀ ਬੇਲੋੜੀਆਂ ਨਾਂਹ-ਪੱਖੀ ਭਾਵਨਾਵਾਂ ਪੈਦਾ ਕਰ ਰਹੀਆਂ ਹਨ।

ਇਤਿਹਾਸਕ ਤੌਰ 'ਤੇ, ਮਹਾਨ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਮੱਧ ਏਸ਼ੀਆ ਅਤੇ ਉਸ ਤੋਂ ਪਾਰੋਂ ਸਦੀਆਂ ਤੱਕ ਹੁੰਦੇ ਰਹੇ ਲਗਾਤਾਰ ਹਮਲਿਆਂ ਨੂੰ ਰੋਕਣ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ। ਸਿੱਖ ਵਿਰੋਧ ਨੇ ਭਾਰਤੀ ਉਪ-ਮਹਾਂਦੀਪ ਨੂੰ ਆਪਣੀ ਪ੍ਰਾਚੀਨ ਸੰਸਕ੍ਰਿਤੀ ਅਤੇ ਮੂਲ ਨਿਵਾਸੀ ਪਛਾਣ ਬਚਾਉਣ ਵਿੱਚ ਮਦਦ ਕੀਤੀ, ਜਿਸ ਨੂੰ ਹਥਿਆਰਬੰਦ ਹਮਲਾਵਰਾਂ ਦੀਆਂ ਲਗਾਤਾਰ ਮੁਹਿੰਮ ਤੋਂ ਸਪੱਸ਼ਟ ਖ਼ਤਰਾ ਸੀ। ਇਸ ਤੋਂ ਇਲਾਵਾ, ਸਿੱਖਾਂ ਨੇ ਅੰਗਰੇਜ਼ਾਂ ਨੂੰ ਕੱਢਣ ਅਤੇ ਭਾਰਤ ਦੀ ਆਜ਼ਾਦੀ ਹਾਸਲ ਕਰਨ ਲਈ ਆਪਣੀ ਆਬਾਦੀ ਦੇ ਅਨੁਪਾਤ ਤੋਂ ਵੱਧ ਖ਼ੂਨ ਵਹਾਇਆ। ਬੇਅੰਤ ਸੰਘਰਸ਼ਾਂ ਅਤੇ ਅਕਹਿ ਦੁੱਖ ਝੱਲਣ ਤੋਂ ਬਾਅਦ, ਸਿੱਖਾਂ ਨੇ ਅੰਗਰੇਜ਼ ਹਾਕਮਾਂ ਤੋਂ (ਬਾਕੀ ਸਫਾ 2 'ਤੇ)

## ਪੰਜਾਬ-ਹਰਿਆਣਾ ਹਾਈ ਕੋਰਟ ਦੇ 33 ਫ਼ੀਸਦੀ ਮੁਲਾਜ਼ਮ ਕਰਨਗੇ ਘਰ ਤੋਂ ਕੰਮ

ਚੰਡੀਗੜ੍ਹ, 23 ਮਈ (ਚ.ਨ.ਸ.): ਵਿਸ਼ਵਵਿਆਪੀ ਤੇਲ ਸੰਕਟ ਦੇ ਮੱਦੇਨਜ਼ਰ ਤੇਲ ਦੀ ਖਪਤ ਨੂੰ ਸੁਚਾਰੂ ਬਣਾਉਣ ਦੇ ਮਕਸਦ ਨਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡਿਜੀਟਲ ਅਤੇ ਸਾਂਝੇ ਸਾਧਨਾਂ 'ਤੇ ਵੱਧ ਨਿਰਭਰਤਾ 'ਤੇ ਜ਼ੋਰ ਦਿੰਦੇ ਹੋਏ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਉਪਾਵਾਂ ਵਿਚ ਜਸਟਿਸ ਸਾਹਿਬਾਨ ਨੂੰ ਅਪੀਲ ਕੀਤੀ ਗਈ ਹੈ ਕਿ ਆਪਸ 'ਚ ਕਾਰ ਪੂਲਿੰਗ ਨੂੰ ਉਤਸ਼ਾਹਿਤ ਕਰਨ। ਨਾਲ ਹੀ ਇਹ ਹੁਕਮ ਦਿੱਤਾ ਹੈ ਕਿ ਅਦਾਲਤ ਦੇ ਸਾਹਮਣੇ ਸੂਚੀਬੱਧ ਕੀਤੇ ਗਏ ਜ਼ਿਆਦਾਤਰ ਮਾਮਲਿਆਂ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ। ਇਸ ਦੇ ਨਾਲ ਹੀ 33 ਫੀਸਦੀ ਮੁਲਾਜ਼ਮਾਂ ਨੂੰ ਘਰ ਤੋਂ ਕੰਮ ਕਰਨ ਦਾ ਹੁਕਮ ਦਿੱਤਾ ਗਿਆ ਹੈ।ਹਾਈ ਕੋਰਟ ਵੱਲੋਂ ਜਾਰੀ ਹੁਕਮ 'ਚ ਕਿਹਾ ਗਿਆ ਕਿ ਰਜਿਸਟਰੀ (ਬਾਕੀ ਸਫਾ 2 'ਤੇ)




# ਕੇਂਦਰ ਸਰਕਾਰ ਆਰ.ਬੀ.ਆਈ. ਨੂੰ ਨਿੱਜੀ ਖ਼ਜ਼ਾਨੇ ਵਾਂਗ ਵਰਤ ਰਹੀ ਹੈ, ਜਦੋਂ ਕਿ ਰਾਜਾਂ ਨੂੰ ਉਨ੍ਹਾਂ ਦੇ ਬਣਦੇ ਹਿੱਸੇ ਤੋਂ ਵਾਂਝਾ ਰੱਖਿਆ ਜਾ ਰਿਹੈ : ਚੀਮਾ

- 2014 ਤੋਂ ਹੁਣ ਤੱਕ ਆਰਬੀਆਈ ਤੋਂ 14.29 ਲੱਖ ਕਰੋੜ ਤੋਂ ਵੱਧ ਲਏ, ਫਿਰ ਵੀ ਰਾਜਾਂ ਨੂੰ ਕੁਝ ਨਹੀਂ ਮਿਲਿਆ
- ਆਰਬੀਆਈ ਤੋਂ ਰਿਕਾਰਡ ਫੰਡ ਕਢਵਾਉਣਾ ਕੇਂਦਰ ਦੇ ਆਰਥਿਕ ਕੁਪ੍ਰਬੰਧ ਤੇ ਸੰਘੀ-ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦੈ

ਚੰਡੀਗੜ੍ਹ, 23 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ਨੀਵਾਰ ਨੂੰ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵੱਲੋਂ ਕੇਂਦਰ ਨੂੰ ਲਗਭਗ 2.87 ਲੱਖ ਕਰੋੜ ਰੁਪਏ ਦੇ ਰਿਕਾਰਡ ਫੰਡ ਤਬਦੀਲ ਕਰਨ ਦੇ ਮੁੱਦੇ 'ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਤੇਜ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਆਪਣੇ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਆਰਬੀਆਈ ਨੂੰ ਇੱਕ ਨਿੱਜੀ ਖ਼ਜ਼ਾਨੇ ਵਾਂਗ ਵਰਤ ਰਹੀ ਹੈ, ਜਦੋਂ ਕਿ ਭਾਰਤ ਦੇ ਸੰਘੀ ਢਾਂਚੇ ਦੇ ਬਾਵਜੂਦ ਰਾਜਾਂ ਨੂੰ ਉਨ੍ਹਾਂ ਦੇ ਹੱਕੀ ਹਿੱਸੇ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਵਿੱਤ ਮੰਤਰੀ ਨੇ ਦੱਸਿਆ ਕਿ ਕੇਂਦਰ ਨੇ 2014 ਤੋਂ ਹੁਣ ਤੱਕ ਆਰਬੀਆਈ ਤੋਂ ਲਗਭਗ 14.29 ਲੱਖ ਕਰੋੜ ਰੁਪਏ ਲਏ ਹਨ, ਜਿਸ ਵਿੱਚੋਂ ਅੱਧੇ ਤੋਂ ਵੱਧ ਰਕਮ ਇਕੱਲੇ ਪਿਛਲੇ ਤਿੰਨ ਸਾਲਾਂ ਵਿੱਚ ਤਬਦੀਲ ਕੀਤੀ ਗਈ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਆਰਬੀਆਈ ਦੇ ਭੰਡਾਰਾਂ ਨੂੰ ਲਗਾਤਾਰ ਕੱਢਣਾ ਨਾ ਸਿਰਫ਼ ਦੇਸ਼ ਦੇ ਕੇਂਦਰੀ ਬੈਂਕ ਅਤੇ ਲੰਬੇ ਸਮੇਂ ਦੀ ਵਿੱਤੀ ਸਥਿਰਤਾ ਨੂੰ ਕਮਜ਼ੋਰ ਕਰਦਾ ਹੈ, ਸਗੋਂ ਰਾਜਾਂ ਨੂੰ ਵਿੱਤੀ ਤੌਰ 'ਤੇ ਨਿਚੋੜ ਕੇ ਸਹਿਕਾਰੀ ਸੰਘਵਾਦ ਦੀ ਭਾਵਨਾ 'ਤੇ ਵੀ ਸੱਟ ਮਾਰਦਾ ਹੈ। ਉਨ੍ਹਾਂ ਕਿਹਾ ਕਿ ਆਰਬੀਆਈ ਦਾ ਇਹ ਸਰਪਲੱਸ ਸਾਰੇ ਰਾਜਾਂ ਵਿੱਚ ਹੋਣ ਵਾਲੀਆਂ ਆਰਥਿਕ ਗਤੀਵਿਧੀਆਂ, ਲੈਣ-ਦੇਣ ਅਤੇ ਮਾਲੀਆ ਇਕੱਠਾ ਹੋਣ ਕਾਰਨ ਪੈਦਾ ਹੋਇਆ ਹੈ, ਇਸ ਲਈ ਕੇਂਦਰ ਵੱਲੋਂ ਪੂਰੀ ਰਕਮ ਆਪਣੇ ਕੋਲ ਕੇਂਦਰਿਤ ਰੱਖਣ ਦੀ ਬਜਾਏ ਰਾਜਾਂ ਨੂੰ ਇਨ੍ਹਾਂ ਫੰਡਾਂ ਵਿੱਚੋਂ ਉਨ੍ਹਾਂ ਦਾ ਬਣਦਾ ਹਿੱਸਾ ਮਿਲਣਾ ਚਾਹੀਦਾ ਹੈ।



ਇੱਕ ਵੀਡੀਓ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦੇਸ਼ ਦਾ ਵਿੱਤੀ ਢਾਂਚਾ ਸੰਘਵਾਦ 'ਤੇ ਅਧਾਰਤ ਹੈ। ਹਰ ਭਾਰਤੀ ਆਰਥਿਕਤਾ ਵਿੱਚ ਯੋਗਦਾਨ ਪਾਉਂਦਾ ਹੈ ਅਤੇ ਹਰ ਰਾਜ ਰਾਸ਼ਟਰੀ ਵਿਕਾਸ ਅਤੇ ਮਾਲੀਆ ਪੈਦਾ ਕਰਨ ਵਿੱਚ ਹਿੱਸਾ ਪਾਉਂਦਾ ਹੈ। ਫਿਰ ਅਜਿਹੇ ਅਸਾਧਾਰਨ ਲਾਭਾਂ ਵਿੱਚੋਂ ਰਾਜਾਂ ਨੂੰ ਉਨ੍ਹਾਂ ਦੇ ਹੱਕੀ ਹਿੱਸੇ ਤੋਂ ਕਿਉਂ ਵਾਂਝਾ ਰੱਖਿਆ ਜਾ ਰਿਹਾ ਹੈ? ਰਾਜਾਂ ਦੇ ਅਧਿਕਾਰਾਂ ਦੀ ਰੱਖਿਆ ਹੋਣੀ ਚਾਹੀਦੀ ਹੈ ਤੇ ਕੇਂਦਰ ਸਰਕਾਰ ਨੂੰ ਰਾਜਾਂ ਨੂੰ ਉਨ੍ਹਾਂ ਦੇ ਬਣਦੇ ਹਿੱਸੇ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ। ਆਰਬੀਆਈ ਟ੍ਰਾਂਸਫਰ ਵਿੱਚ ਹੋਏ ਭਾਰੀ ਵਾਧੇ ਨੂੰ ਉਜਾਗਰ ਕਰਦੇ ਹੋਏ, ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਆਰਬੀਆਈ ਨੇ 2023-24 ਵਿੱਚ 2.10 ਲੱਖ ਕਰੋੜ ਰੁਪਏ, 2024-25 ਵਿੱਚ 2.68 ਲੱਖ ਕਰੋੜ ਰੁਪਏ ਅਤੇ ਹੁਣ 2025-26 ਵਿੱਚ ਲਗਭਗ 2.87 ਲੱਖ ਕਰੋੜ ਰੁਪਏ ਤਬਦੀਲ ਕੀਤੇ ਹਨ, ਜਿਸ ਨਾਲ ਇਕੱਲੇ ਪਿਛਲੇ ਤਿੰਨ ਸਾਲਾਂ ਦਾ ਹਿੱਸਾ 2014 ਤੋਂ ਬਾਅਦ ਹੋਏ ਕੁੱਲ ਤਬਾਦਲਿਆਂ ਦਾ 53% ਤੋਂ ਵੱਧ ਬਣਦਾ ਹੈ। ਉਨ੍ਹਾਂ ਕਿਹਾ ਕਿ ਇਸ ਪੱਧਰ ਤੇ ਵਾਰ-ਵਾਰ ਫੰਡਾਂ ਦਾ ਟ੍ਰਾਂਸਫਰ ਬੇਮਿਸਾਲ ਹੈ। ਇਸ ਤੋਂ ਪਹਿਲਾਂ, ਆਰਬੀਆਈ ਦੇ ਭੰਡਾਰਾਂ ਵਿੱਚੋਂ ਅਜਿਹੀ ਅਸਾਧਾਰਨ ਨਿਕਾਸੀ ਸਿਰਫ਼ ਵਿਸ਼ੇਸ਼ ਹਾਲਾਤਾਂ ਜਾਂ ਵੱਡੇ ਵਿੱਤੀ ਤਣਾਅ ਦੇ ਸਮੇਂ ਹੀ ਦੇਖੀ ਜਾਂਦੀ ਸੀ। ਪਰ ਹੁਣ, ਆਰਬੀਆਈ ਦੇ ਸਰਪਲੱਸ ਨੂੰ ਲਗਾਤਾਰ ਕੱਢਣਾ ਇੱਕ ਆਮ ਗੱਲ ਬਣ ਗਈ ਹੈ। ਇਹ ਵਿੱਤੀ ਪ੍ਰਬੰਧਨ ਅਤੇ ਕੇਂਦਰੀ ਬੈਂਕ ਦੀ ਲੰਬੇ ਸਮੇਂ ਦੀ ਸੰਸਥਾਗਤ ਮਜ਼ਬੂਤੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਇਸ ਮੁੱਦੇ ਨੂੰ ਸਹਿਕਾਰੀ ਸੰਘਵਾਦ ਲਈ ਇੱਕ ਸਿੱਧੀ ਚੁਣੌਤੀ ਦੱਸਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਤੇ ਸਪਲਾਈ ਦੇ ਝਟਕਿਆਂ ਕਾਰਨ ਵਿੱਤੀ ਦਬਾਅ ਦਾ ਸਾਹਮਣਾ ਕਰ ਰਹੀ ਹੈ, ਤਾਂ ਰਾਜ ਵੀ ਉਨ੍ਹਾਂ ਹੀ ਚੁਣੌਤੀਆਂ ਨਾਲ ਲੜ ਰਹੇ ਹਨ ਤੇ ਨਾਲ ਹੀ ਭਲਾਈ ਸਕੀਮਾਂ ਦੀਆਂ ਜ਼ਿੰਮੇਵਾਰੀਆਂ, ਮਹਿੰਗਾਈ ਦੇ ਦਬਾਅ ਅਤੇ ਵਧਦੇ ਖ਼ਰਚਿਆਂ ਦੇ ਬੋਝ ਨੂੰ ਸੰਭਾਲ ਰਹੇ ਹਨ। ਉਨ੍ਹਾਂ ਕਿਹਾ ਕਿ ਸੰਘਵਾਦ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਬੋਝ ਰਾਜ ਚੁੱਕਣ ਜਦੋਂ ਕਿ ਕੇਂਦਰ ਆਰਬੀਆਈ ਦੇ ਪੂਰੇ ਮੁਨਾਫ਼ੇ ਨੂੰ ਆਪਣੇ ਕੋਲ ਰੱਖੇ। ਇਸ ਤਰ੍ਹਾਂ ਦੇ ਅਸਾਧਾਰਨ ਲਾਭਾਂ ਨੂੰ ਵੰਡੇ ਜਾਣ ਵਾਲੇ ਪੂਲ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ ਤੇ ਸਾਰੇ ਰਾਜਾਂ ਨਾਲ ਬਰਾਬਰ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

ਵਿਆਪਕ ਆਰਥਿਕ ਸਥਿਤੀ ਨੂੰ ਲੈ ਕੇ ਭਾਜਪਾ ਸਰਕਾਰ ਨੂੰ ਘੇਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦਾ ਆਰਥਿਕ ਪ੍ਰਬੰਧਨ ਫੇਲ੍ਹ ਹੋ ਚੁੱਕਾ ਹੈ ਤੇ ਦੇਸ਼ ਦੀ ਆਰਥਿਕਤਾ ਗੰਭੀਰ ਤਣਾਅ ਹੇਠ ਹੈ। ਉਨ੍ਹਾਂ ਕਿਹਾ ਕਿ ਆਰਬੀਆਈ ਤੋਂ ਵਾਰ-ਵਾਰ ਮੋਟੀ ਰਕਮ ਕਢਵਾਉਣ ਦੇ ਬਾਵਜੂਦ, ਭਾਜਪਾ ਸਰਕਾਰ ਡੀਜ਼ਲ, ਪੈਟਰੋਲ ਤੇ ਘਰੇਲੂ ਰਸੋਈ ਗੈਸ ਦੀਆਂ ਵਧਦੀਆਂ ਕੀਮਤਾਂ ਰਾਹੀਂ ਆਮ ਨਾਗਰਿਕਾਂ 'ਤੇ ਬੋਝ ਪਾ ਰਹੀ ਹੈ। ਕੇਂਦਰ ਸਰਕਾਰ ਬਾਹਰੀ ਵਿੱਤੀ ਸਹਾਇਤਾ 'ਤੇ ਲਗਾਤਾਰ ਨਿਰਭਰ ਹੁੰਦੀ ਜਾ ਰਹੀ ਹੈ, ਜਦੋਂ ਕਿ ਮਹਿੰਗਾਈ ਦੇਸ਼ ਭਰ ਦੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਵੀ ਕਿਹਾ ਕਿ ਕੇਂਦਰ ਦੀਆਂ ਨੀਤੀਆਂ ਦੇਸ਼ ਦੀ ਆਰਥਿਕਤਾ ਤੇ ਸੰਘੀ ਢਾਂਚੇ ਦੋਵਾਂ ਨੂੰ ਕਮਜ਼ੋਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿੱਤੀ ਪ੍ਰਬੰਧਨ ਆਰਬੀਆਈ ਦੀ ਸੰਸਥਾਗਤ ਮਜ਼ਬੂਤੀ, ਰਿਜ਼ਰਵ ਬਫਰ ਅਤੇ ਨੀਤੀਗਤ ਲਚਕਤਾ ਨੂੰ ਕਮਜ਼ੋਰ ਕਰਨ ਦੀ ਕੀਮਤ 'ਤੇ ਨਹੀਂ ਹੋ ਸਕਦਾ। ਭਾਰਤ ਇੱਕ ਕਮਜ਼ੋਰ ਕੇਂਦਰੀ ਬੈਂਕ ਤੇ ਵਿੱਤੀ ਤੌਰ 'ਤੇ ਤੰਗ ਰਾਜਾਂ ਦੇ ਹੁੰਦਿਆਂ ਇੱਕ ਮਜ਼ਬੂਤ ਅਤੇ ਸਥਿਰ ਆਰਥਿਕਤਾ ਬਣਾਉਣ ਦੀ ਉਮੀਦ ਨਹੀਂ ਰੱਖ ਸਕਦਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਦੀ ਆਰਥਿਕ ਸਥਿਤੀ ਬਾਰੇ ਦੇਸ਼ ਨੂੰ ਜਵਾਬ ਦੇਣਾ ਚਾਹੀਦਾ ਹੈ ਤੇ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਆਰਬੀਆਈ ਤੋਂ ਵਾਰ-ਵਾਰ ਵਿੱਤੀ ਫੰਡ ਕੱਢਣ ਦੇ ਬਾਵਜੂਦ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਕਿਉਂ ਵਧ ਰਹੀਆਂ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ ਕਿ ਜਦੋਂ ਦੇਸ਼ ਆਰਥਿਕ ਤਣਾਅ ਦਾ ਸਾਹਮਣਾ ਕਰ ਰਿਹਾ ਹੈ ਤੇ ਨਾਗਰਿਕ ਮਹਿੰਗਾਈ ਨਾਲ ਜੂਝ ਰਹੇ ਹਨ, ਤਾਂ ਪ੍ਰਧਾਨ ਮੰਤਰੀ ਨੂੰ ਜਵਾਬਦੇਹੀ ਤੋਂ ਬਚਣ ਦੀ ਬਜਾਏ ਲੋਕਾਂ ਦੀਆਂ ਚਿੰਤਾਵਾਂ ਦਾ ਹੱਲ ਕਰਨਾ ਚਾਹੀਦਾ ਹੈ।

# ਅੱਤ ਦੀ ਗਰਮੀ ਨਾਲ ਨਜਿੱਠਣ ਪੰਜਾਬ ਪੂਰੀ ਤਰਾਂ ਤਿਆਰ : ਸਿਹਤ ਮੰਤਰੀ

## ਡਾ. ਬਲਬੀਰ ਸਿੰਘ ਨੇ ਸਿਵਲ ਸਰਜਨਾਂ ਨੂੰ ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਲਈ 24/7 ਤਿਆਰ ਰਹਿਣ ਤੇ ਮੈਡੀਕਲ ਸਪਲਾਈ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼



ਚੰਡੀਗੜ੍ਹ, 23 ਮਈ (ਚ.ਨ.ਸ.): ਸੂਬੇ ਭਰ 'ਚ ਅਤਿ ਦੀ ਗਰਮੀ ਕਾਰਨ ਵਧ ਰਹੀਆਂ ਮੁਸ਼ਕਿਲ ਸਥਿਤੀਆਂ ਦੇ ਮੱਦੇਨਜ਼ਰ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਕਿਹਾ ਕਿ ਸਿਹਤ ਵਿਭਾਗ ਵੱਲੋਂ ਭਾਰੀ ਗਰਮੀ ਦੇ ਪ੍ਰਭਾਵਾਂ ਨੂੰ ਰੋਕਣ, ਘੱਟ ਕਰਨ ਤੇ ਸੁਚੱਜੇ ਪ੍ਰਬੰਧਨ ਲਈ ਸਹੂਲਤਾਂ ਪ੍ਰਦਾਨ ਕਰਨ ਤੇ ਇਸ ਸਬੰਧੀ ਕਰਮਚਾਰੀਆਂ ਨੂੰ ਤਿਆਰ ਕਰਨ ਲਈ ਸਰਗਰਮ ਕਦਮ ਚੁੱਕੇ ਗਏ ਹਨ। ਮੰਤਰੀ ਨੇ ਕਿਹਾ ਕਿ ਅਤਿ ਦੀ ਗਰਮੀ ਕਾਰਨ ਹੀਟ ਸਟ੍ਰੈਸ, ਹੀਟ ਇਗਜ਼ੌਸ਼ਨ ਤੇ ਹੀਟ ਸਟ੍ਰੋਕ ਦਾ ਜੋਖਮ ਕਾਫ਼ੀ ਵੱਧ ਜਾਂਦਾ ਹੈ ਤੇ ਦਿਲ ਤੇ ਸਾਹ ਸਬੰਧੀ ਦਿੱਕਤਾਂ 'ਚ ਵੀ ਵਾਧਾ ਹੁੰਦਾ ਹੈ। ਡਾ. ਬਲਬੀਰ ਸਿੰਘ ਨੇ ਕਿਹਾ, "ਸਾਡੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਸਿਵਲ ਸਰਜਨਾਂ ਨੂੰ ਸਾਰੇ ਜ਼ਿਲਾ ਹਸਪਤਾਲਾਂ, ਸਬ-ਡਵੀਜ਼ਨ ਹਸਪਤਾਲਾਂ ਤੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਸਮਰਪਿਤ ਹੀਟ ਸਟ੍ਰੋਕ ਮੈਨੇਜਮੈਂਟ ਯੂਨਿਟਾਂ ਨੂੰ ਕਾਰਜਸ਼ੀਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।" ਉਨਾਂ ਕਿਹਾ ਕਿ ਇਹ ਵਾਰਡ ਸਰਗਰਮ ਕੂਲਿੰਗ ਉਪਾਵਾਂ ਨਾਲ ਲੈਸ ਹਨ, ਜਿਸ 'ਚ ਆਈਸ ਪੈਕ ਤੇ ਕੋਲਡ ਆਈ.ਵੀ. ਫਲੂਇਡਜ਼ ਸ਼ਾਮਲ ਹਨ। ਹਰੇਕ ਹਸਪਤਾਲ ਵਿੱਚ ਜ਼ਰੂਰੀ ਡਾਕਟਰੀ ਸਪਲਾਈ, ਜਿਵੇਂ ਕਿ ਓ.ਆਰ.ਐਸ. ਤੇ ਐਮਰਜੈਂਸੀ ਦਵਾਈਆਂ ਦਾ ਲੋੜੀਂਦਾ ਸਟਾਕ ਯਕੀਨੀ ਬਣਾਇਆ ਗਿਆ ਹੈ।

ਮੰਤਰੀ ਨੇ ਅੱਗੇ ਕਿਹਾ ਕਿ ਮਰੀਜ਼ਾਂ ਨੂੰ ਹਸਪਤਾਲ ਲਿਆਉਂਦੇ ਸਮੇਂ ਰਾਸਤੇ 'ਚ ਕੂਲਿੰਗ ਪ੍ਰਦਾਨ ਕਰਨ ਲਈ ਐਂਬੂਲੈਂਸਾਂ 'ਚ ਲੋੜੀਂਦੀ ਸਹੂਲਤ ਦਿੱਤੀ ਗਈ ਹੈ। ਸੂਬੇ ਵੱਲੋਂ ਗਰਮੀ ਸਬੰਧੀ ਬਿਮਾਰੀ (ਐਚ.ਆਰ.ਆਈ.) ਦੇ ਮਾਮਲਿਆਂ ਦੀ ਅਸਲ-ਸਮੇਂ ਦੀ ਨਿਗਰਾਨੀ ਲਈ ਆਈਐਚਆਈਪੀ ਪੋਰਟਲ ਦੀ ਵਰਤੋਂ ਕੀਤੀ ਜਾ ਰਹੀ ਹੈ ਤੇ ਹੀਟ ਐਕਸ਼ਨ ਪਲਾਨ ਸਬੰਧੀ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਸਿੱਖਿਆ, ਕਿਰਤ ਤੇ ਟਰਾਂਸਪੋਰਟ ਵਿਭਾਗ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਡਾ. ਬਲਬੀਰ ਸਿੰਘ ਨੇ ਕਿਹਾ, "ਸਾਡੀਆਂ ਮੈਡੀਕਲ ਟੀਮਾਂ ਪੂਰੀ ਤਰਾਂ ਸਿਖਲਾਈ ਪ੍ਰਾਪਤ ਤੇ ਤਿਆਰ ਹਨ, ਫਿਰ ਵੀ ਮੈਂ ਲੋਕਾਂ, ਖਾਸ ਕਰਕੇ ਬਜ਼ੁਰਗਾਂ ਤੇ ਬੱਚਿਆਂ ਨੂੰ ਚੌਕਸ ਰਹਿਣ ਤੇ ਵਿਭਾਗ ਦੇ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹਾਂ।"

### ਹੀਟਵੇਵ ਸੇਫ਼ਟੀ ਐਡਵਾਈਜ਼ਰੀ

**ਗਰਮੀ ਤੋਂ ਬਚਣ ਲਈ ਕੀ ਕਰੀਏ**

**ਵੱਧ ਤੋਂ ਵੱਧ ਪਾਣੀ ਪਿਓ:** ਹਰ 20-30 ਮਿੰਟਾਂ ਬਾਅਦ ਪਾਣੀ ਪੀਓ, ਭਾਵੇਂ ਪਿਆਸ ਨਾ ਵੀ ਹੋਵੇ। ਓ.ਆਰ.ਐਸ., ਲੱਸੀ ਅਤੇ ਨਿੰਬੂ ਪਾਣੀ ਦੀ ਵਰਤੋਂ ਕਰੋ।

**ਢੁਕਵੇਂ ਕੱਪੜੇ ਪਾਓ:** ਹਲਕੇ ਰੰਗ ਦੇ, ਢਿੱਲੇ ਸੂਤੀ ਕੱਪੜੇ ਪਾਓ। ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ ਜਾਂ ਤੌਲੀਏ ਦੀ ਵਰਤੋਂ ਕਰੋ।

**ਆਪਣੇ ਦਿਨ ਦੀ ਢੁਕਵੀਂ ਯੋਜਨਾਬੰਦੀ ਕਰੋ:** ਸਵੇਰੇ ਜਾਂ ਸ਼ਾਮ ਨੂੰ ਠੰਢੇ ਸਮੇਂ ਦੌਰਾਨ ਹੀ ਬਾਹਰੀ ਕੰਮ ਕਰੋ।

**ਸਮਝਦਾਰੀ ਨਾਲ ਖਾਓ:** ਪਾਣੀ ਨਾਲ ਭਰਪੂਰ ਫਲ ਜਿਵੇਂ ਕਿ ਤਰਬੂਜ, ਸੰਤਰੇ ਅਤੇ ਖੀਰੇ ਖਾਓ। ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਵਾਰ-ਵਾਰ ਖਾਣਾ ਖਾਓ।

**ਘਰ ਨੂੰ ਅੰਦਰੋਂ ਠੰਡਾ ਰੱਖੋ:** ਪਰਦੇ, ਪੱਖਿਆਂ ਦੀ ਵਰਤੋ ਕਰੋ ਅਤੇ ਸੁਚੱਜੀ ਹਵਾਦਾਰੀ ਯਕੀਨੀ ਬਣਾਓ।

**ਕਾਮਿਆਂ ਦੀ ਸੁਰੱਖਿਆ:** ਮਾਲਕਾਂ ਨੂੰ ਬਾਹਰ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਛਾਂਦਾਰ ਆਰਾਮ ਖੇਤਰ ਅਤੇ ਪੀਣ ਵਾਲਾ ਸੁਰੱਖਿਅਤ ਪਾਣੀ ਪ੍ਰਦਾਨ ਕਰਨਾ ਚਾਹੀਦਾ ਹੈ।

**ਕੀ ਨਾ ਕਰੀਏ**

**ਸਿਖਰ ਦੁਪਹਿਰੇ ਵੇਲੇ ਧੁੱਪ ਤੋਂ ਬਚੋ:** ਦੁਪਹਿਰ 12:00 ਵਜੇ ਤੋਂ 3:00 ਵਜੇ ਦੇ ਵਿਚਕਾਰ ਉਦੋਂ ਤੱਕ ਬਾਹਰ ਨਾ ਜਾਓ ਜਦੋਂ ਤੱਕ ਕਿ ਬਹੁਤ ਜ਼ਰੂਰੀ ਨਾ ਹੋਵੇ।

**ਡੀਹਾਈਡ੍ਰੇਟਿੰਗ ਡਰਿੰਕਸ ਤੋਂ ਗੁਰੇਜ਼ ਕਰੋ:** ਚਾਹ, ਕੌਫੀ, ਅਲਕੋਹਲ ਅਤੇ ਕਾਰਬੋਨੇਟਿਡ ਮਿੱਠੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਘੱਟ ਕਰੋ।

**ਭਾਰੀ ਭੋਜਨ ਤੋਂ ਗੁਰੇਜ਼ ਕਰੋ:** ਤਲੇ ਹੋਏ, ਮਸਾਲੇਦਾਰ ਜਾਂ ਬਾਸੀ ਭੋਜਨ ਨਾ ਖਾਓ ਜੋ ਪਾਚਨ ਕਿਰਿਆ ਨੂੰ ਹੌਲੀ ਕਰ ਸਕਦੇ ਹਨ।

**ਕੋਈ ਸਖ਼ਤ ਕੰਮ ਨਾ ਕਰੋ:** ਗਰਮੀਆਂ ਦੇ ਸਿਖਰ ਦੇ ਸਮੇਂ ਦੌਰਾਨ ਭਾਰੀ ਕੰਮਾਂ ਤੋਂ ਪਰਹੇਜ਼ ਕਰੋ।

**ਵਾਹਨ ਸੁਰੱਖਿਆ:** ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਕਦੇ ਵੀ ਪਾਰਕ ਕੀਤੇ ਵਾਹਨਾਂ ਅੰਦਰ ਨਾ ਛੱਡੋ।

ਲੱਛਣ ਜਿਨਾਂ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ

ਜੇਕਰ ਤੁਹਾਨੂੰ ਨਿਮਨਲਿਖਤ ਲੱਛਣ ਮਹਿਸੂਸ ਹੁੰਦੇ ਹਨ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ:
- ਸਰੀਰ ਦਾ ਉੱਚ ਤਾਪਮਾਨ (40 ਡਿਗਰੀ ਸੈਲਸੀਅਸ ਜਾਂ ਵੱਧ ਹੋਵੇ)
- ਮਾਨਸਿਕ ਸੰਤੁਲਨ ਵਿੱਚ ਬਦਲਾਅ, ਬੇਚੈਨੀ ਜਾਂ ਦੌਰੇ - ਗਰਮ, ਲਾਲ ਅਤੇ ਖੁਸ਼ਕ ਚਮੜੀ
- ਗੰਭੀਰ ਸਿਰ ਦਰਦ, ਮਤਲੀ ਜਾਂ ਤੇਜ਼ ਦਿਲ ਦੀ ਧੜਕਣ

ਐਮਰਜੈਂਸੀ ਹੈਲਪਲਾਈਨ: 104, 108, ਜਾਂ 112

# ਕੇਂਦਰ ਨੇ ਸੁਪਰੀਮ ਕੋਰਟ 'ਚ ਜਾਣਕਾਰੀ

# ਰੂਸੀ ਫ਼ੌਜ 'ਚ ਗਏ 217 ਭਾਰਤੀਆਂ 'ਚੋਂ 49 ਦੀ ਹੋਈ ਮੌਤ

ਨਵੀਂ ਦਿੱਲੀ, 23 ਮਈ (ਚ.ਨ.ਸ.): ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਚੱਲ ਰਹੀ ਰੂਸ-ਯੂਕਰੇਨ ਜੰਗ ਦੌਰਾਨ ਕੁੱਲ 217 ਭਾਰਤੀ ਨਾਗਰਿਕ ਰੂਸੀ ਹਥਿਆਰਬੰਦ ਬਲਾਂ (ਫ਼ੌਜ) ਵਿੱਚ ਸ਼ਾਮਲ ਹੋਏ ਸਨ, ਜਿਨ੍ਹਾਂ 'ਚੋਂ 49 ਭਾਰਤੀਆਂ ਦੀ ਇਸ ਸੰਘਰਸ਼ ਵਿੱਚ ਜਾਨ ਚਲੀ ਗਈ ਹੈ। ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ ਇੱਕ ਸਟੇਟਸ ਰਿਪੋਰਟ ਵਿੱਚ ਕੇਂਦਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਰੂਸੀ ਫੈਡਰੇਸ਼ਨ ਨਾਲ ਲਗਾਤਾਰ ਕੀਤੇ ਗਏ ਕੂਟਨੀਤਕ ਯਤਨਾਂ ਸਦਕਾ 139 ਭਾਰਤੀ ਨਾਗਰਿਕਾਂ ਨੂੰ ਰੂਸੀ ਫ਼ੌਜ ਵਿੱਚ ਸ਼ਾਮਲ ਹੋਣ ਲਈ ਕੀਤੇ ਗਏ ਇਕਰਾਰਨਾਮਿਆਂ ਤੋਂ ਮੁਕਤ ਕਰਵਾ ਲਿਆ ਗਿਆ ਹੈ।

ਰਿਪੋਰਟ 'ਚ ਦੱਸਿਆ ਗਿਆ ਹੈ, "ਇਸ ਤੋਂ ਇਲਾਵਾ, 49 ਭਾਰਤੀ ਨਾਗਰਿਕਾਂ ਦੀ ਇਸ ਜੰਗ ਵਿੱਚ ਮੌਤ ਹੋਣ ਦੀ ਖ਼ਬਰ ਹੈ। ਨਾਲ ਹੀ, ਰੂਸੀ ਪੱਖ ਵੱਲੋਂ 6 ਭਾਰਤੀ ਨਾਗਰਿਕਾਂ ਦੇ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ, ਜਦੋਂ ਕਿ 23 ਵਿਅਕਤੀਆਂ ਦੀ ਸਥਿਤੀ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਮਾਸਕੋ ਸਥਿਤ ਭਾਰਤੀ ਦੂਤਾਵਾਸ ਵੱਲੋਂ ਰੂਸੀ ਅਧਿਕਾਰੀਆਂ ਨਾਲ ਇਸ ਮਾਮਲੇ 'ਤੇ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ।" ਵਿਦੇਸ਼ ਮੰਤਰਾਲੇ ਕੋਲ ਉਪਲੱਬਧ ਤਾਜ਼ਾ ਜਾਣਕਾਰੀ ਅਨੁਸਾਰ, ਲਗਪਗ 217 ਭਾਰਤੀ ਨਾਗਰਿਕਾਂ ਦੇ ਰੂਸੀ ਫ਼ੌਜ ਵਿੱਚ ਸ਼ਾਮਲ ਹੋਣ ਦੀ ਰਿਪੋਰਟ ਸੀ। ਇਸ ਦੌਰਾਨ ਪਟੀਸ਼ਨਰਾਂ ਦੇ ਵਕੀਲ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦਾ ਮੁੱਦਾ ਵੀ ਚੁੱਕਿਆ।



ਇਹ ਸਟੇਟਸ ਰਿਪੋਰਟ ਉਸ ਪਟੀਸ਼ਨ ਦੇ ਜਵਾਬ 'ਚ ਦਾਇਰ ਕੀਤੀ ਗਈ ਹੈ ਜਿਸ ਵਿੱਚ ਕੇਂਦਰ ਸਰਕਾਰ ਨੂੰ ਰੂਸ ਵਿੱਚ ਕਥਿਤ ਤੌਰ 'ਤੇ ਬੰਧਕ ਬਣਾਏ ਗਏ ਤੇ ਯੂਕਰੇਨ ਨਾਲ ਜੰਗ ਲੜਨ ਲਈ ਮਜਬੂਰ ਕੀਤੇ ਗਏ 26 ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਲਈ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਸ਼ੁੱਕਰਵਾਰ ਨੂੰ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ ਲਾਪਤਾ ਭਾਰਤੀਆਂ ਦੀ ਭਾਲ ਤੇ ਮ੍ਰਿਤਕ ਦੇਹਾਂ ਦੀ ਪਛਾਣ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ, 21 ਵਿਅਕਤੀਆਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਦੇ ਡੀ.ਐਨ.ਏ. ਸੈਂਪਲ ਇਕੱਠੇ ਕਰਕੇ ਰੂਸੀ ਅਧਿਕਾਰੀਆਂ ਨੂੰ ਭੇਜ ਦਿੱਤੇ ਗਏ ਹਨ। ਕੇਂਦਰ ਨੇ ਅਦਾਲਤ ਨੂੰ ਦੱਸਿਆ ਕਿ ਅਜਿਹੇ ਸਾਰੇ ਮਾਮਲਿਆਂ ਨੂੰ ਪੂਰੀ ਤਰਜੀਹ ਦੇ ਕੇ ਰੂਸੀ ਅਧਿਕਾਰੀਆਂ ਨਾਲ ਲਗਾਤਾਰ ਪੈਰਵੀ ਕੀਤੀ ਜਾ ਰਹੀ ਹੈ ਤੇ ਨਾਲ ਹੀ ਪ੍ਰਭਾਵਿਤ ਪਰਿਵਾਰਾਂ ਨੂੰ ਵੀ ਹਰ ਅਪਡੇਟ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਪਟੀਸ਼ਨ ਵਿੱਚ ਜ਼ਿਕਰ ਕੀਤੇ ਗਏ 26 ਵਿਅਕਤੀਆਂ ਬਾਰੇ ਕੇਂਦਰ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਵਿੱਚੋਂ 14 ਮਾਮਲੇ ਮੌਤ ਨਾਲ ਸਬੰਧਿਤ ਹਨ, ਜਦੋਂ ਕਿ ਰੂਸੀ ਅਧਿਕਾਰੀਆਂ ਵੱਲੋਂ 11 ਵਿਅਕਤੀਆਂ ਨੂੰ "ਜੰਗ ਦੌਰਾਨ ਲਾਪਤਾ" ਜਾਂ ਪਰਿਵਾਰਾਂ ਨਾਲ ਸੰਪਰਕ ਟੁੱਟਣ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇੱਕ ਹੋਰ ਮਾਮਲਾ ਛੇੜਛਾੜ ਦੇ ਦੋਸ਼ਾਂ ਤਹਿਤ ਅੱਠ ਸਾਲ ਦੀ ਕੈਦ ਦੀ ਸਜ਼ਾ ਨਾਲ ਸਬੰਧਿਤ ਹੈ। ਕੇਂਦਰ ਨੇ ਕਿਹਾ, "ਜਿਵੇਂ ਹੀ ਕਿਸੇ ਭਾਰਤੀ ਦੇ ਰੂਸੀ ਫ਼ੌਜ ਵਿੱਚ ਸ਼ਾਮਲ ਹੋਣ ਦੀ ਜਾਣਕਾਰੀ ਮਿਲਦੀ ਹੈ, ਦੂਤਾਵਾਸ ਵੱਲੋਂ ਤੁਰੰਤ ਰੂਸੀ ਅਧਿਕਾਰੀਆਂ ਕੋਲ ਸੁਰੱਖਿਆ ਅਤੇ ਜਲਦੀ ਰਿਹਾਈ ਦੇ ਨਾਲ-ਨਾਲ ਵਾਪਸੀ ਯਕੀਨੀ ਬਣਾਉਣ ਲਈ ਮੁੱਦਾ ਚੁੱਕਿਆ ਜਾਂਦਾ ਹੈ।" ਉਨ੍ਹਾਂ ਦੱਸਿਆ ਕਿ ਦੂਤਾਵਾਸ ਨੇ ਪਰਿਵਾਰਾਂ ਦੀ ਸਹਿਮਤੀ ਨਾਲ 8 ਮਾਮਲਿਆਂ ਵਿੱਚ ਮ੍ਰਿਤਕ ਦੇਹਾਂ ਨੂੰ ਭਾਰਤ ਲਿਆਉਣ ਵਿੱਚ ਮਦਦ ਕੀਤੀ ਹੈ ਤੇ 1 ਹੋਰ ਵਿਅਕਤੀ ਦੀ ਦੇਹ ਵਾਪਸ ਲਿਆਉਣ ਲਈ ਜ਼ਰੂਰੀ ਕਾਰਵਾਈ ਚੱਲ ਰਹੀ ਹੈ। ਇਸ ਸਾਰੇ ਕੰਮ ਦਾ ਖ਼ਰਚਾ ਇੰਡੀਅਨ ਕਮਿਊਨਿਟੀ ਵੈਲਫੇਅਰ ਫੰਡ ਵਿੱਚੋਂ ਕੀਤਾ ਗਿਆ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ, "ਅਜਿਹਾ ਲੱਗਦਾ ਹੈ ਕਿ ਕੁਝ ਭਾਰਤੀ ਨਾਗਰਿਕਾਂ ਨੇ ਮੋਟੀ ਕਮਾਈ ਦੇ ਲਾਲਚ ਵਿੱਚ ਆ ਕੇ ਖ਼ੁਦ ਰੂਸੀ ਫ਼ੌਜ ਵਿੱਚ ਸ਼ਾਮਲ ਹੋਣ ਦੇ ਇਕਰਾਰਨਾਮੇ ਸਾਈਨ ਕੀਤੇ ਸਨ। ਉਨ੍ਹਾਂ ਨੂੰ ਲਗਪਗ 5,000 ਅਮਰੀਕੀ ਡਾਲਰ ਦਾ ਸਾਈਨਿੰਗ ਬੋਨਸ, ਲਗਪਗ 2,500 ਅਮਰੀਕੀ ਡਾਲਰ ਮਹੀਨਾਵਾਰ ਤਨਖ਼ਾਹ, ਰੂਸੀ ਨਾਗਰਿਕਤਾ ਦਾ ਵਾਅਦਾ, ਹੋਰ ਸਮਾਜਿਕ ਲਾਭ ਅਤੇ ਮੌਤ ਦੀ ਸੂਰਤ ਵਿੱਚ ਲਗਪਗ 1,68,000 ਅਮਰੀਕੀ ਡਾਲਰ ਦਾ ਮੁਆਵਜ਼ਾ ਦੇਣ ਦਾ ਲਾਲਚ ਦਿੱਤਾ ਗਿਆ ਸੀ।"

# ਗੈਂਗਸਟਰਾਂ 'ਤੇ ਵਾਰ ਦੇ 123ਵੇਂ ਦਿਨ 488 ਥਾਂਵਾਂ ਉੱਤੇ ਛਾਪੇਮਾਰੀ ਦੌਰਾਨ 222 ਕਾਬੂ

ਚੰਡੀਗੜ੍ਹ, 23 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 123ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 488 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ 123ਵੇਂ ਦਿਨ ਪੁਲਿਸ ਟੀਮਾਂ ਨੇ 222 ਵਿਅਕਤੀਆਂ ਨੂੰ ਚਾਰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ, ਜਿਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 31,430 ਹੋ ਗਈ ਹੈ।

ਇਸ ਤੋਂ ਇਲਾਵਾ 101 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 12 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਚਾਰ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।




ਲੋਕ, ਐਂਟੀ-ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਗੁਪਤ ਰੂਪ 'ਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 448ਵੇਂ ਦਿਨ ਵੀ ਜਾਰੀ ਰੱਖਿਆ ਹੈ, ਜਿਸ ਤਹਿਤ ਅੱਜ 113 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 12.4 ਕਿਲੋਗ੍ਰਾਮ ਹੈਰੋਇਨ, 279 ਨਸ਼ੀਲੀਆਂ ਗੋਲੀਆਂ/ਕੈਪਸੂਲ ਤੇ 2700 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਦੇ ਨਾਲ ਸਿਰਫ 448 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 65,306 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਅੱਜ 15 ਵਿਅਕਤੀਆਂ ਨੂੰ ਨਸ਼ਾ ਛੱਡਣ ਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਘਬਰਾਹਟ 'ਚ ਪੈਟਰੋਲ ਤੇ ਡੀਜ਼ਲ ਦੀ ਖ਼ਰੀਦਦਾਰੀ ਨਾ ਕਰਨ ਗਾਹਕ : ਇੰਡੀਅਨ ਆਇਲ

## ਦੇਸ਼ 'ਚ ਤੇਲ ਦੀ ਕੋਈ ਕਮੀ ਨਹੀਂ, ਕੁਝ ਥਾਵਾਂ 'ਤੇ ਦਿੱਕਤ ਸਿਰਫ਼ ਆਰਜ਼ੀ : ਇੰਡੀਅਨ ਆਇਲ

ਨਵੀਂ ਦਿੱਲੀ, 23 ਮਈ (ਚ.ਨ.ਸ.): ਦੇਸ਼ ਦੀ ਸਭ ਤੋਂ ਵੱਡੀ ਤੇਲ ਮਾਰਕੀਟਿੰਗ ਕੰਪਨੀ, ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਇੰਡੀਅਨ ਆਇਲ) ਨੇ ਭਰੋਸਾ ਦਿੱਤਾ ਹੈ ਕਿ ਦੇਸ਼ ਭਰ ਵਿੱਚ ਪੈਟਰੋਲ ਤੇ ਡੀਜ਼ਲ ਦੀ ਕੋਈ ਸਮੁੱਚੀ ਕਿੱਲਤ (ਕਮੀ) ਨਹੀਂ ਹੈ। ਕੰਪਨੀ ਨੇ ਸਪੱਸ਼ਟ ਕੀਤਾ ਕਿ ਕੁਝ ਖ਼ਾਸ ਪੈਟਰੋਲ ਪੰਪਾਂ 'ਤੇ ਸਪਲਾਈ ਵਿੱਚ ਆ ਰਹੀ ਰੁਕਾਵਟ ਸਿਰਫ਼ ਸਥਾਨਕ ਪੱਧਰ 'ਤੇ ਹੈ ਤੇ ਇਹ ਬਹੁਤ ਹੀ ਆਰਜ਼ੀ (ਕੁਝ ਸਮੇਂ ਲਈ) ਹੈ।

ਇੱਕ ਬਿਆਨ ਜਾਰੀ ਕਰਦਿਆਂ ਕੰਪਨੀ ਨੇ ਕਿਹਾ ਕਿ ਕੁਝ ਚੋਣਵੇਂ ਤੇਲ ਸਟੇਸ਼ਨਾਂ 'ਤੇ ਮੌਜੂਦਾ ਸਥਿਤੀ ਸਥਾਨਕ ਪੱਧਰ 'ਤੇ ਮੰਗ-ਸਪਲਾਈ ਦੇ ਅਸੰਤੁਲਨ ਤੇ ਚੋਣਵੇਂ ਖੇਤਰਾਂ ਵਿੱਚ ਵਿਕਰੀ ਦੇ ਬਦਲੇ ਪੈਟਰਨ ਕਾਰਨ ਪੈਦਾ ਹੋਈ ਹੈ। ਇੰਡੀਅਨ ਆਇਲ ਮੁਤਾਬਕ ਕੁਝ ਥਾਵਾਂ 'ਤੇ ਮੰਗ ਵਧਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਫ਼ਸਲ ਦੀ ਕਟਾਈ (ਵਾਢੀ) ਦੇ ਸੀਜ਼ਨ ਦੌਰਾਨ ਡੀਜ਼ਲ ਦੀ ਖਪਤ ਵਿੱਚ ਹੋਇਆ ਮੌਸਮੀ ਵਾਧਾ, ਨਿੱਜੀ (ਪ੍ਰਾਈਵੇਟ) ਪੈਟਰੋਲ ਪੰਪਾਂ 'ਤੇ ਵੱਧ ਕੀਮਤਾਂ ਕਾਰਨ ਗਾਹਕਾਂ ਦਾ ਸਰਕਾਰੀ ਪੰਪਾਂ ਵੱਲ ਆਉਣਾ ਅਤੇ ਸਰਕਾਰੀ ਆਊਟਲੈਟਸ 'ਤੇ ਸੰਸਥਾਗਤ ਮੰਗ ਦਾ ਵਧਣਾ ਸ਼ਾਮਲ ਹੈ।

ਕੰਪਨੀ ਨੇ ਕਿਹਾ ਕਿ ਅੰਤਰਰਾਸ਼ਟਰੀ ਮਾਰਕੀਟ ਦੀਆਂ ਮੌਜੂਦਾ ਕੀਮਤਾਂ ਮੁਤਾਬਕ ਥੋਕ ਤੇ ਸੰਸਥਾਗਤ ਸਪਲਾਈ ਦੀਆਂ ਕੀਮਤਾਂ ਕਾਫ਼ੀ ਜ਼ਿਆਦਾ ਹੋਣ ਕਰਕੇ, ਵਪਾਰਕ ਮੰਗ ਹੁਣ ਸਰਕਾਰੀ ਤੇਲ ਸਟੇਸ਼ਨਾਂ ਵੱਲ ਤਬਦੀਲ ਹੋ ਗਈ ਹੈ। 1 ਤੋਂ 22 ਮਈ ਦੇ ਅਰਸੇ ਦੌਰਾਨ, ਕੰਪਨੀ ਨੇ ਪਿਛਲੇ ਸਾਲ ਦੇ ਮੁਕਾਬਲੇ ਤੇਲ ਦੀ ਵਿਕਰੀ ਵਿੱਚ ਭਾਰੀ ਵਾਧਾ ਦਰਜ ਕੀਤਾ ਹੈ, ਜਿਸ 'ਚ ਪੈਟਰੋਲ ਦੀ ਵਿਕਰੀ ਵਿੱਚ 14 ਫ਼ੀਸਦੀ ਤੇ ਡੀਜ਼ਲ ਦੀ ਵਿਕਰੀ ਵਿੱਚ ਲਗਪਗ 18 ਫ਼ੀਸਦੀ ਦਾ ਵਾਧਾ ਹੋਇਆ ਹੈ।

ਮੰਗ ਵਿੱਚ ਇਸ ਤੇਜ਼ ਵਾਧੇ ਦੇ ਬਾਵਜੂਦ, ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਸਪਲਾਈ ਦੀ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ ਤੇ ਸਮੱਸਿਆਵਾਂ ਸਿਰਫ਼ ਕੁਝ ਇਲਾਕਿਆਂ ਤੱਕ ਹੀ ਸੀਮਤ ਹਨ। ਕੰਪਨੀ ਨੇ ਦੱਸਿਆ ਕਿ ਦੇਸ਼ ਭਰ ਵਿੱਚ ਉਸ ਦੇ 42,000 ਤੋਂ ਵੱਧ ਪੈਟਰੋਲ ਪੰਪਾਂ ਦੇ ਨੈੱਟਵਰਕ ਵਿੱਚੋਂ ਸਿਰਫ਼ "ਬਹੁਤ ਹੀ ਘੱਟ ਗਿਣਤੀ" ਆਊਟਲੈਟਸ 'ਤੇ ਅਜਿਹੀ ਦਿੱਕਤ ਦੇਖੀ ਗਈ ਹੈ, ਜਦੋਂ ਕਿ ਬਹੁਤੇ ਪੰਪਾਂ 'ਤੇ ਸਪਲਾਈ ਤੇ ਸਟਾਕ ਬਿਲਕੁਲ ਆਮ ਤੇ ਲੋੜ ਮੁਤਾਬਕ ਹੈ।

ਇੰਡੀਅਨ ਆਇਲ ਨੇ ਇਹ ਵੀ ਕਿਹਾ ਕਿ ਉਹ ਦੂਜੀਆਂ ਤੇਲ ਮਾਰਕੀਟਿੰਗ ਕੰਪਨੀਆਂ ਨਾਲ ਮਿਲ ਕੇ ਪੈਟਰੋਲ ਅਤੇ ਡੀਜ਼ਲ ਦਾ ਲੋੜੀਂਦਾ ਸਟਾਕ ਬਣਾ ਕੇ ਰੱਖ ਰਹੀ ਹੈ ਤੇ ਬਿਨਾਂ ਕਿਸੇ ਰੁਕਾਵਟ ਦੇ ਤੇਲ ਦੀ ਸਪਲਾਈ ਯਕੀਨੀ ਬਣਾਉਣ ਲਈ ਸਥਿਤੀ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਕੰਪਨੀ ਦੇਸ਼ ਭਰ ਵਿੱਚ ਨਿਰਵਿਘਨ ਤੇਲ ਦੀ ਉਪਲੱਬਧਤਾ ਬਣਾਈ ਰੱਖਣ ਲਈ ਵਚਨਬੱਧ ਹੈ ਅਤੇ ਉਸ ਨੇ ਗਾਹਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਵਜ੍ਹਾ ਘਬਰਾਹਟ ਵਿੱਚ ਆ ਕੇ ਤੇਲ ਦੀ ਖਰੀਦਦਾਰੀ ਨਾ ਕਰਨ।

# ਫ਼ਤਿਹ ਨਗਰ 'ਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਮਿਲਿਆ ਵੱਡਾ ਹੁਲਾਰਾ : ਕਾਲਕਾ

ਨਵੀਂ ਦਿੱਲੀ 23 ਮਈ (ਅੰਮ੍ਰਿਤਪਾਲ ਸਿੰਘ): ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਵਿਸ਼ੇਸ਼ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਰਡ ਨੰ. 20 ਫਤਿਹ ਨਗਰ ਵਿੱਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਮਿਲ ਰਿਹਾ ਭਾਰੀ ਸਮਰਥਨ ਪਾਰਟੀ ਦੀ ਵਧਦੀ ਲੋਕਪ੍ਰਿਯਤਾ ਤੇ ਲੋਕਾਂ ਦੇ ਵਿਸ਼ਵਾਸ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਅਮਰਜੀਤ ਸਿੰਘ ਫਤਿਹ ਨਗਰ ਵੱਲੋਂ ਆਪਣੇ ਇਲਾਕੇ ਵਿੱਚ ਕਰਵਾਈ ਗਈ ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ ਹੋਣਾ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਲੋਕ ਪੰਥਕ ਸੋਚ ਤੇ ਸੇਵਾ ਦੀ ਰਾਜਨੀਤੀ ਨਾਲ ਜੁੜਨਾ ਚਾਹੁੰਦੇ ਹਨ।




ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਮੀਤ ਸਿੰਘ ਕਾਲਕਾ ਨੇ ਸਰਦਾਰ ਅਮਰਜੀਤ ਸਿੰਘ ਫਤਿਹ ਨਗਰ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਮਿਹਨਤ, ਸਮਰਪਣ ਤੇ ਵਚਨਬੱਧਤਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਮਾਜ ਤੇ ਪੰਥ ਦੀ ਸੇਵਾ ਲਈ ਇਸ ਤਰ੍ਹਾਂ ਦੇ ਸਮਰਪਿਤ ਕਾਰਕੁਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ।

ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪਾਰਟੀ ਕਾਰਕੁਨਾਂ ਦੀ ਵੱਡੀ ਗਿਣਤੀ ਵਿੱਚ ਮੌਜੂਦਗੀ ਨੇ ਇਸ ਇਕੱਠ ਨੂੰ ਹੋਰ ਵੀ ਉਤਸ਼ਾਹਪੂਰਨ ਤੇ ਅਰਥਪੂਰਨ ਬਣਾਇਆ। ਉਨ੍ਹਾਂ ਕਿਹਾ ਕਿ ਲੋਕਾਂ ਦਾ ਪਿਆਰ ਅਤੇ ਵਿਸ਼ਵਾਸ ਪਾਰਟੀ ਲਈ ਸਭ ਤੋਂ ਵੱਡੀ ਤਾਕਤ ਹੈ।ਉਨ੍ਹਾਂ ਸੰਗਤਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਓ, ਅਸੀਂ ਸਾਰੇ ਇਕਜੁੱਟਤਾ, ਸੇਵਾ ਤੇ ਸਮਰਪਣ ਦੀ ਭਾਵਨਾ ਨਾਲ ਪੰਥ ਤੇ ਸਮਾਜ ਦੀ ਚੜ੍ਹਦੀ ਕਲਾ ਲਈ ਮਿਲ ਕੇ ਕੰਮ ਕਰੀਏ ਅਤੇ ਆਪਸੀ ਸਾਂਝ ਅਤੇ ਭਾਈਚਾਰੇ ਨੂੰ ਹੋਰ ਮਜ਼ਬੂਤ ਬਣਾਈਏ।

# ਤਰਨਤਾਰਨ ਦੇ ਪਿੰਡ ਜੌੜਾ ਵਿਖੇ ਜ਼ਮੀਨ ਨੂੰ ਲੈ ਕੇ ਭਤੀਜੇ ਵੱਲੋਂ ਚਾਚੇ ਦਾ ਕਤਲ

ਤਰਨਤਾਰਨ, 23 ਮਈ (ਚ.ਨ.ਸ.): ਵਿਧਾਨ ਸਭਾ ਹਲਕਾ ਪੱਟੀ ਅਧੀਨ ਆਉਂਦੇ ਪਿੰਡ ਜੌੜਾ ਵਿੱਚ ਸ਼ਨੀਵਾਰ ਤੜਕੇ ਵੱਟ ਦੇ ਝਗੜੇ ਨੇ ਖ਼ੂਨੀ ਰੂਪ ਧਾਰ ਲਿਆ। ਇਸ ਦੌਰਾਨ ਚਚੇਰੇ ਭਰਾ ਦੇ ਮੁੰਡੇ ਵੱਲੋਂ ਆਪਣੇ ਹੀ ਚਾਚੇ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਤੋਂ ਬਾਅਦ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਥਾਣਾ ਸਰਹਾਲੀ ਦੀ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਬਲਬੀਰ ਸਿੰਘ (50) ਪੁੱਤਰ ਮੱਸਾ ਸਿੰਘ ਵਾਸੀ ਪਿੰਡ ਜੌੜਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਚਚੇਰੇ ਭਰਾ ਦੇ ਮੁੰਡੇ ਸੁਰਜੀਤ ਸਿੰਘ ਨੇ ਲੰਮੇ ਸਮੇਂ ਤੋਂ ਚੱਲ ਰਹੇ ਜ਼ਮੀਨੀ ਵਿਵਾਦ ਦੇ ਚੱਲਦਿਆਂ ਬਲਬੀਰ ਸਿੰਘ ਦਾ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਪਰਿਵਾਰ ਆਪੋ-ਆਪਣੇ ਘਰਾਂ ਵਿੱਚ ਬਹਿਕਾਂ 'ਤੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ ਸਾਂਝੀਆਂ ਹਨ। ਮ੍ਰਿਤਕ ਦੇ ਪੁੱਤਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਸਵੇਰੇ ਦੁੱਧ ਪਾਉਣ ਲਈ ਘਰੋਂ ਗਿਆ ਹੋਇਆ ਸੀ, ਜਦਕਿ ਉਸ ਦੀ ਮਾਤਾ ਘਰ ਵਿੱਚ ਖਾਣਾ ਬਣਾ ਰਹੀ ਸੀ ਤੇ ਉਸ ਦੇ ਪਿਤਾ ਘਰ ਵਿੱਚ ਮੌਜੂਦ ਸਨ। ਇਸ ਦੌਰਾਨ ਜਿਵੇਂ ਹੀ ਉਸ ਦੇ ਪਿਤਾ ਬਲਬੀਰ ਸਿੰਘ ਘਰ ਤੋਂ ਬਾਹਰ ਆਏ ਤਾਂ ਗੁਆਂਢ ਵਿੱਚ ਖੜ੍ਹੇ ਸੁਰਜੀਤ ਸਿੰਘ ਤੇ ਉਸ ਦੀ ਪਤਨੀ ਹਰਜੀਤ ਕੌਰ ਨੇ ਉਨ੍ਹਾਂ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਦੋਸ਼ ਲਗਾਇਆ ਕਿ ਝਗੜੇ ਦੌਰਾਨ ਸੁਰਜੀਤ ਸਿੰਘ ਨੇ ਉਸ ਦੇ ਪਿਤਾ ਦੇ ਸਿਰ ਵਿੱਚ ਡਾਂਗ ਨਾਲ ਵਾਰ ਕਰ ਦਿੱਤਾ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਏ। ਪਰਿਵਾਰਕ ਮੈਂਬਰ ਉਨ੍ਹਾਂ ਨੂੰ ਤੁਰੰਤ ਤਰਨ ਤਾਰਨ ਦੇ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਵੱਟ ਦੇ ਪੁਰਾਣੇ ਝਗੜੇ ਦੀ ਰੰਜਿਸ਼ ਕਾਰਨ ਉਸ ਦੇ ਪਿਤਾ ਦਾ ਕਤਲ ਕੀਤਾ ਗਿਆ ਹੈ।

गृह मंत्रालय
भारत सरकार

ਸਾਡੀ ਜਨਗਣਨਾ
ਸਾਡਾ ਵਿਕਾਸ

ਜਨਗਣਨਾ 2027 ਦਾ ਪਹਿਲਾ ਪੜਾਅ
ਮਕਾਨ ਸੂਚੀਕਰਨ ਅਤੇ ਮਕਾਨਾਂ ਦੀ ਗਿਣਤੀ

ਜਨਗਣਨਾ: ਗੋਪਨੀਯਤਾ ਦੀ ਗਰੰਟੀ
ਤੁਹਾਡੀ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ
- ਜਨਗਣਨਾ ਐਕਟ, 1948 ਦੇ ਤਹਿਤ ਪੂਰੀ ਗੁਪਤਤਾ
- ਸੁਰੱਖਿਅਤ ਸਰਵਰਾਂ 'ਤੇ ਇਨਕ੍ਰਿਪਟਡ ਡੇਟਾ
- ਰਿਪੋਰਟ ਵਿੱਚ ਸਿਰਫ਼ ਕੁੱਲ ਅੰਕੜੇ ਪ੍ਰਕਾਸ਼ਿਤ ਹੋਣਗੇ
- ਨਾਮ ਅਤੇ ਪਤੇ ਸਾਂਝੇ ਨਹੀਂ ਕੀਤੇ ਜਾਂਦੇ
- ਟੈਕਸ, ਪੁਲਿਸ ਜਾਂ ਜਾਂਚ ਦੇ ਉਦੇਸ਼ਾਂ ਲਈ ਨਹੀਂ ਵਰਤਿਆ ਜਾਂਦਾ।

ਜਨਗਣਨਾ 2027
ਭਰੋਸਾ ਵੀ, ਭਾਗੀਦਾਰੀ ਵੀ
- ਸਹੀ ਜਾਣਕਾਰੀ ਦਿਓ
- ਨਿਡਰ ਹੋ ਕੇ ਦਿਓ
- ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਓ।

ਨਿਸ਼ਚਿੰਤ ਰਹੋ
ਤੁਹਾਡੀ ਜਾਣਕਾਰੀ
- ਸੁਰੱਖਿਅਤ ਰਹੇਗੀ
- ਗੁਪਤ ਰਹੇਗੀ
- ਸਿਰਫ਼ ਰਾਸ਼ਟਰ ਨਿਰਮਾਣ ਲਈ ਉਪਯੋਗੀ ਰਹੇਗੀ।



ਚਲੋ ਨਿਭਾਈਏ ਆਪਣੀ ਜ਼ਿੰਮੇਵਾਰੀ
ਕਰੀਏ ਜਨਗਣਨਾ ਵਿਚ ਭਾਗੀਦਾਰੀ

ਟੋਲ ਫਰੀ - 1855

CensusIndia2027

CBC 19108/13/0118/2627

## ਸੰਪਾਦਕੀ

# ਊਰਜਾ ਚਿੰਤਾ

ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਸਾਂਝੇ ਹਮਲੇ ਤੋਂ ਬਾਅਦ ਮੱਧ ਪੂਰਬ ਵਿੱਚ ਪੈਦਾ ਹੋਈ ਗੁੰਝਲਦਾਰ ਸਥਿਤੀ ਨੇ ਕੁਦਰਤੀ ਤੌਰ 'ਤੇ ਵਿਸ਼ਵਵਿਆਪੀ ਊਰਜਾ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ। ਹਾਲਾਂਕਿ, ਜਦੋਂ ਦੋਵਾਂ ਧਿਰਾਂ ਵਿਚਕਾਰ ਚੌਦਾਂ ਦਿਨਾਂ ਦੀ ਜੰਗਬੰਦੀ ਦਾ ਐਲਾਨ ਕੀਤਾ ਗਿਆ, ਤਾਂ ਉਮੀਦਾਂ ਵਧੀਆਂ ਕਿ ਈਰਾਨ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹ ਸਕਦਾ ਹੈ, ਜਿਸ ਨਾਲ ਕੱਚੇ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ ਬਹਾਲ ਹੋ ਸਕਦੀ ਹੈ। ਹਾਲਾਂਕਿ, ਈਰਾਨ ਅਤੇ ਅਮਰੀਕਾ ਵਿਚਕਾਰ ਬਾਅਦ ਵਿੱਚ ਸ਼ਾਂਤੀ ਵਾਰਤਾ ਅਸਫਲ ਰਹੀ ਅਤੇ ਇਸ ਦੇ ਨਾਲ ਹੋਰਮੁਜ਼ ਜਲਡਮਰੂ ਨੂੰ ਬਹਾਲ ਕਰਨ ਦੀਆਂ ਉਮੀਦਾਂ ਇੱਕ ਵਾਰ ਫਿਰ ਮੱਧਮ ਪੈ ਗਈਆਂ। ਅੱਜ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਵਿਘਨ ਪਈ ਸਪਲਾਈ ਚੇਨ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਵਿਕਲਪਕ ਊਰਜਾ ਸਰੋਤਾਂ 'ਤੇ ਵਿਚਾਰ ਕਰ ਰਹੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਹੋਰਮੁਜ਼ ਜਲਡਮਰੂ ਤੋਂ ਬਾਅਦ ਤੇਲ ਅਤੇ ਗੈਸ ਦੀ ਵਿਆਪਕ ਕਮੀ ਦੇ ਵਿਚਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕੈਬਨਿਟ ਮੀਟਿੰਗ ਵਿੱਚ ਰਸੋਈ ਗੈਸ ਦੇ ਵਿਕਲਪ ਵਜੋਂ ਬਾਇਓਗੈਸ ਸਮੇਤ ਵਿਕਲਪਕ ਊਰਜਾ ਸਰੋਤਾਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਦਰਅਸਲ, ਹੋਰਮੁਜ਼ ਜਲਡਮਰੂ ਵਿਸ਼ਵਵਿਆਪੀ ਤੇਲ ਅਤੇ ਗੈਸ ਦੀਆਂ ਜ਼ਰੂਰਤਾਂ ਦਾ 20 ਤੋਂ 25 ਪ੍ਰਤੀਸ਼ਤ ਸਪਲਾਈ ਕਰਦਾ ਹੈ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਈਰਾਨ ਤੋਂ ਊਰਜਾ ਸਰੋਤਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਹੀ ਕਾਰਨ ਹੈ ਕਿ, ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਰਾਨੀ 'ਤੇ ਪਾਬੰਦੀ ਲਗਾਏ ਜਾਣ ਤੋਂ ਬਾਅਦ, ਅਮਰੀਕਾ ਦੀ ਨਾਕਾਬੰਦੀ ਤੋਂ ਬਾਅਦ, ਦੇਸ਼ ਘਰੇਲੂ ਗੈਸ ਅਤੇ ਪੈਟਰੋਲ ਅਤੇ ਡੀਜ਼ਲ ਦੀ ਭਾਰੀ ਕਮੀ ਦਾ ਸਾਹਮਣਾ ਕਰ ਰਿਹਾ ਹੈ। ਇਸ ਦੌਰਾਨ, ਸਰਕਾਰ ਨੇ ਰੂਸ ਤੋਂ ਤੇਲ ਖਰੀਦਣ ਲਈ ਰਸਤੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਮਰੀਕਾ ਦੇ ਰੁਖ਼ ਨੇ ਉਸ ਯਤਨ ਨੂੰ ਰੋਕ ਦਿੱਤਾ ਹੈ। ਇਸ ਲਈ, ਹੁਣ ਲਈ ਸਭ ਤੋਂ ਵਧੀਆ ਹੱਲ ਇਹ ਹੈ ਕਿ ਦੂਜੇ ਦੇਸ਼ਾਂ 'ਤੇ ਨਿਰਭਰਤਾ ਘਟਾਉਣ ਲਈ ਵਿਕਲਪਕ ਊਰਜਾ ਸਰੋਤਾਂ ਲਈ ਘਰੇਲੂ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇ। ਇਸ ਦ੍ਰਿਸ਼ਟੀਕੋਣ ਤੋਂ ਦੇਸ਼ ਵਿੱਚ ਬਾਇਓਗੈਸ ਅਤੇ ਹੋਰ ਊਰਜਾ ਸਰੋਤਾਂ ਦੀ ਨੀਂਹ ਨੂੰ ਮਜ਼ਬੂਤ ਕਰਨਾ ਨਾ ਸਿਰਫ਼ ਤੁਰੰਤ ਸੰਕਟ ਨੂੰ ਹੱਲ ਕਰਨ ਲਈ ਮਹੱਤਵਪੂਰਨ ਹੋਵੇਗਾ, ਸਗੋਂ ਦੇਸ਼ ਦੇ ਲੰਬੇ ਸਮੇਂ ਦੇ ਹਿੱਤਾਂ ਵਿੱਚ ਵੀ ਹੋਵੇਗਾ। ਇੱਕ ਪਾਸੇ ਪੱਛਮੀ ਏਸ਼ੀਆ ਵਿੱਚ ਅਮਰੀਕਾ ਦਾ ਰੁਖ਼ ਅਤੇ ਦੂਜੇ ਪਾਸੇ ਈਰਾਨ ਦਾ ਬਦਲਾ ਲੈਣ ਵਾਲਾ ਰੁਖ਼, ਨਾ ਸਿਰਫ਼ ਭਾਰਤ ਸਗੋਂ ਦੁਨੀਆ ਭਰ ਦੇ ਕਈ ਦੇਸ਼ਾਂ ਦੇ ਸਾਹਮਣੇ ਸੰਕਟ ਨੂੰ ਹੌਲੀ-ਹੌਲੀ ਡੂੰਘਾ ਕਰ ਰਿਹਾ ਹੈ। ਸ਼ਾਇਦ ਇਸੇ ਲਈ ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਕਾਰਜਕਾਰੀ ਨਿਰਦੇਸ਼ਕ ਨੇ ਦੁਨੀਆ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਜਲਡਮਰੂ ਨੂੰ ਜਲਦੀ ਹੀ ਪੂਰੀ ਤਰ੍ਹਾਂ ਅਤੇ ਬਿਨਾਂ ਸ਼ਰਤ ਖੋਲ੍ਹਿਆ ਨਹੀਂ ਜਾਂਦਾ ਹੈ ਤਾਂ ਦੁਨੀਆ ਜਲਦੀ ਹੀ ਇੱਕ ਰੈੱਡ ਜ਼ੋਨ ਵਿੱਚ ਦਾਖਲ ਹੋ ਸਕਦੀ ਹੈ, ਜਿੱਥੇ ਤੇਲ ਦੀ ਸਪਲਾਈ ਆਮ ਮੰਗ ਨੂੰ ਵੀ ਸੰਭਾਲਣ ਵਿੱਚ ਪੂਰੀ ਤਰ੍ਹਾਂ ਅਸਮਰੱਥ ਹੋਵੇਗੀ। ਸਮੱਸਿਆ ਇਹ ਹੈ ਕਿ ਈਰਾਨ ਅਮਰੀਕਾ ਅਤੇ ਇਜ਼ਰਾਈਲ ਦਾ ਮੁਕਾਬਲਾ ਕਰਨ ਲਈ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਨੂੰ ਇੱਕ ਰਣਨੀਤੀ ਵਜੋਂ ਵਰਤ ਰਿਹਾ ਹੈ ਅਤੇ ਇਸਨੂੰ ਦੁਬਾਰਾ ਖੋਲ੍ਹਣ ਦੀ ਸ਼ਰਤ ਵਜੋਂ ਅਮਰੀਕਾ ਦੀ ਵਾਪਸੀ ਦਾ ਹੁਕਮ ਦੇ ਰਿਹਾ ਹੈ। ਪੱਛਮੀ ਏਸ਼ੀਆ ਵਿੱਚ ਤਣਾਅ ਬਹੁਤ ਜ਼ਿਆਦਾ ਹੈ। ਖੇਤਰ ਵਿੱਚ ਇਹ ਤਣਾਅ ਲਗਾਤਾਰ ਸ਼ਿਪਿੰਗ ਆਵਾਜਾਈ ਵਿੱਚ ਵਿਘਨ ਪਾ ਰਿਹਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ 14 ਭਾਰਤੀ ਜਹਾਜ਼ ਅਜੇ ਵੀ ਹੋਰਮੁਜ਼ ਜਲਡਮਰੂ ਵਿੱਚ ਫਸੇ ਹੋਏ ਹਨ। ਅਧਿਕਾਰੀ ਨੇ ਅੱਗੇ ਕਿਹਾ ਕਿ ਅਧਿਕਾਰੀ ਹੋਰਮੁਜ਼ ਜਲਡਮਰੂ ਅਤੇ ਆਲੇ ਦੁਆਲੇ ਸੁਰੱਖਿਆ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ, ਜਿੱਥੋਂ ਦੁਨੀਆ ਦੀ ਤੇਲ ਸਪਲਾਈ ਦਾ ਇੱਕ ਵੱਡਾ ਹਿੱਸਾ ਲੰਘਦਾ ਹੈ। ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਅਧਿਕਾਰੀ ਨੇ ਕਿਹਾ ਅਸੀਂ ਹੋਰਮੁਜ਼ ਜਲਡਮਰੂ ਵਿੱਚ ਟੈਂਕਰਾਂ ਨੂੰ ਲੋਡਿੰਗ ਲਈ ਭੇਜਣ ਬਾਰੇ ਵਿਦੇਸ਼ ਮੰਤਰਾਲੇ ਨਾਲ ਗੱਲਬਾਤ ਕਰ ਰਹੇ ਹਾਂ। ਅਧਿਕਾਰੀ ਦੇ ਅਨੁਸਾਰ ਭਾਰਤ ਇਸ ਖੇਤਰ ਵਿੱਚ ਜਹਾਜ਼ ਉਦੋਂ ਹੀ ਭੇਜੇਗਾ ਜਦੋਂ ਇਹ ਮੁਲਾਂਕਣ ਕੀਤਾ ਜਾਵੇਗਾ ਕਿ ਉੱਥੋਂ ਦੀਆਂ ਸਥਿਤੀਆਂ ਸੰਚਾਲਨ ਲਈ ਪੂਰੀ ਤਰ੍ਹਾਂ ਸੁਰੱਖਿਅਤ ਹਨ।

**-ਜਗਜੀਤ ਸਿੰਘ ਦਰਦੀ**

### 49 ਵਰ੍ਹਿਆਂ ਦੀ ਲੋਕ-ਸੇਵਾ ਤੋਂ 50ਵੇਂ ਵਰ੍ਹੇ ਵੱਲ

# ਅੱਜ ਚੜ੍ਹਦੀਕਲਾ ਪੰਜਾਬੀ ਪੱਤਰਕਾਰੀ ਦੀ ਨਵੀਂ ਪਛਾਣ ਦਾ ਚਿਹਰਾ : ਨਵੀਆਂ ਚੁਣੌਤੀਆਂ, ਨਵੀਆਂ ਉਮੀਦਾਂ ਦਾ ਭਵਿੱਖ

## ਅੱਧੀ ਸਦੀ ਦੇ ਸਫ਼ਰ ਵਿੱਚ ਮੈਂ ਇਨ੍ਹਾਂ ਦੇ ਸੰਘਰਸ਼ ਨੂੰ ਵੇਖਿਆ ਹੈ 'ਪਦਮਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਦੇ ਸਿਰੜ ਨੂੰ ਸਲਾਮ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਥ ਹਿਤੈਸ਼ੀ ਪੰਜਾਬ ,ਪੰਜਾਬੀ ਅਤੇ ਪੰਜਾਬੀਅਤ ਨੂੰ ਦੁਨੀਆਂ ਭਰ ਵਿੱਚ ਗਲੋਬਲ ਦੀ ਸੱਦਹਦਿਆ ਤੱਕ ਪਹੁੰਚਾਉਣ ਵਾਲਾ ਰੋਜ਼ਾਨਾ ਚੜ੍ਹਦੀਕਲਾ ਅਖ਼ਬਾਰ ਪੰਜਾਬੀ ਪੱਤਰਕਾਰੀ ਦੀ ਇੱਕ ਵੱਖਰੀ ਪਹਿਚਾਣ ਦਾ ਸੁਨਹਿਰਾ ਸੂਰਜ ਹੈ ਜੋ ਅੱਜ ਪੰਜਾਹਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਰਿਹਾ ਹੈ ।

ਇਸ ਮੁਬਾਰਕ ਮੌਕੇ 'ਤੇ ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ ਤੇ ਇਹ ਠੀਕ 52 ਸਾਲਾਂ ਦੀ ਦੋਸਤੀ ਦਾ ਨਤੀਜਾ ਹੈ, ਜਿਸ 'ਤੇ ਮੈਨੂੰ ਫ਼ਖ਼ਰ ਹੈ ਕਿ ਉਹ ਅੱਜ ਤੱਕ ਮੁਹੱਬਤੀ ਅੰਦਾਜ ਵਿੱਚ ਪਰਿਵਾਰਕ ਤੌਰ 'ਤੇ ਵੀ ਜ਼ਿੰਦਾ ਹੈ । ਇਹ ਬਹੁਤ ਘੱਟ ਹੁੰਦਾ ਹੈ ਕਿ ਐਨੀਆਂ ਲੰਬੀਆਂ ਦੋਸਤੀਆਂ ਨਿਭ ਜਾਣ , ਇਹ ਮੂੰਹ ਬੋਲੇ ਰਿਸ਼ਤੇ ਹਨ ਜੋ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਕਿਤੇ ਗੂਹੜੇ ਹਨ।

ਰੋਜ਼ਾਨਾ ਚੜ੍ਹਦੀਕਲਾ ਅਤੇ ਪਦਮਸ੍ਰੀ ਜਗਜੀਤ ਸਿੰਘ ਦਰਦੀ ਹੋਰਾਂ ਦੀ ਦੋਸਤੀ ਦੇ ਸਫ਼ਰ ਨੂੰ ਮੈਂ ਆਪਣੀ ਜੀਵਨ ਯਾਤਰਾ ਵਿੱਚ ਵਿਚਰਦਿਆਂ ਪਦਮ ਸ੍ਰੀ ਜਗਜੀਤ ਸਿੰਘ ਦਰਦੀ ਵਰਗੇ ਹਮਦਰਦ ਮਿੱਤਰ ਦੀ ਦੋਸਤੀ ਦਾ ਆਨੰਦ ਮਾਣਦਿਆਂ ਹੋਇਆਂ ਹਰ ਦੁੱਖ ਸੁੱਖ ਵਿੱਚ ਸ਼ਰੀਕ ਹੁੰਦਿਆਂ ਹੋਇਆਂ ਇਸ ਦੇ ਅੱਧੀ ਸਦੀ ਦੇ ਸਫ਼ਰ ਦਾ ਗਵਾਹ ਹਾਂ।

ਇਹ ਪਿਛਲੇ 50 ਸਾਲਾਂ ਦੀ ਦੋਸਤੀ ਦਾ ਨਤੀਜਾ ਹੈ ਕਿ ਮੈਂ ਹਰ ਰੋਜ਼ ਜਿਸ ਸ਼ਬਦ ਯਾਤਰਾ ਵਿੱਚ ਦੁਨੀਆ ਭਰ ਦੀ ਨੁਮਾਇੰਦਗੀ ਅਤੇ ਦੁਖ ਦਰਦ ਦੇਖਦਾ ਹਾਂ ਉਹ ਰੋਜ਼ਾਨਾ ਚੜ੍ਹਦੀਕਲਾ ਵਿੱਚ ਛਪਦਾ ਹੈ ਅਤੇ ਇਸਦੀ ਪੁਸ਼ਤਪਨਾਹੀ ਇਸਦੇ ਪੂਰੀ ਦੁਨੀਆ ਵਿੱਚ ਬੈਠੇ ਹੋਏ ਪਾਠਕ ਅਤੇ ਉਹ ਪੰਜਾਬੀ ਪਿਆਰੇ ਪਾਠਕ ਕਰਦੇ ਹਨ, ਜਿਨ੍ਹਾਂ ਨੂੰ ਪਤਾ ਹੈ ਕਿ ਅੱਜ ਰੋਜ਼ਾਨਾ ਚੜ੍ਹਦੀਕਲਾ ਦੁਨੀਆਂ ਭਰ ਦੇ ਛਪਦੇ ਪੰਜਾਬੀ ਅਖਬਾਰਾਂ ਵਿੱਚੋਂ ਪੰਜਾਬੀਅਤ ਦਾ ਪਰਚਮ ਲਹਿਰਾਉਣ ਵਿੱਚ ਪਹਿਲੇ ਨੰਬਰ 'ਤੇ ਹੈ ਭਾਵੇਂ ਛਪਣ ਗਿਣਤੀ ਵਿੱਚ ਇਹ ਇਕ ਤੀਜਾ ਵੱਧਦਾ ਹੋਇਆ ਵੱਡਾ ਪੰਜਾਬੀ ਅਖ਼ਬਾਰ ਹੈ ਤੇ ਇਸ ਸਾਰੀ ਮਿਹਨਤ ਤੇ ਦੋਸਤੀ ਨੂੰ ਮੈਂ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਇਕੋ ਸ਼ਬਦ ਕਹਿ ਸਕਦਾ ਹਾਂ ਕਿ ਇਸਦੇ ਪਿੱਛੇ ਪਦਮ ਸ੍ਰੀ ਡਾਕਟਰ ਜਗਜੀਤ ਸਿੰਘ ਦਰਦੀ, ਹਰਪ੍ਰੀਤ ਸਿੰਘ ਦਰਦੀ ਅਤੇ ਬੀਬੀ ਜੀ ਦੇ ਯੋਗਦਾਨ ਦਾ ਜਿਸ ਤਰ੍ਹਾਂ ਦਾ ਪਰਿਵਾਰਕ ਮਾਹੌਲ ਹੈ, ਉਸ ਨੂੰ ਵਾਹਿਗੁਰੂ ਦੀ ਮਿਹਰ ਨਾਲ ਸੱਤੇ ਬਖਸ਼ਿਸ਼ਾਂ ਪ੍ਰਾਪਤ ਹਨ।

ਅੱਜ ਇਸ ਮੁਬਾਰਕ ਮੌਕੇ 'ਤੇ ਮੈਂ ਆਪਣੇ ਮਿਹਰਬਾਨ ਮਿੱਤਰ ਡਾਕਟਰ ਜਗਜੀਤ ਸਿੰਘ ਦਰਦੀ ਹੋਰਾਂ ਨੂੰ ਇਸ ਦੀ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਰੋਜ਼ਾਨਾ ਚੜ੍ਹਦੀਕਲਾ ਪੰਜਾਬੀ ਦਾ ਵੱਡਾ ਪ੍ਰਮੁੱਖ ਅਖਬਾਰ ਉਸ ਸਥਾਪਤੀ ਵੱਲ ਉਡਾਨ ਭਰੇਗਾ, ਜਿਸ ਨੂੰ ਨਵਾਂ ਪੰਜਾਬ ਨਵੇਂ ਨੈਰੇਟਿਵ ਨਵੀਂ ਸੋਚ ਤੇ ਨਵੀਂ ਪਹਿਚਾਣ ਨਾਲ ਵੇਖ ਰਿਹਾ ਹੈ।

ਪੰਜਾਬੀ ਪੱਤਰਕਾਰੀ ਦਾ ਉੱਘਾ ਲੋਕ ਹਿਤੈਸ਼ੀ ਤੇ ਸੰਘਰਸ਼ ਦੀ ਦਾਸਤਾਨ ਦਾ ਚਿਹਰਾ ਪੰਜਾਬੀ ਰੋਜ਼ਾਨਾ ਚੜ੍ਹਦੀਕਲਾ ਹੁਣ ਆਪਣੇ 49 ਬਾਰੇ ਪੂਰੇ ਕਰਕੇ 50ਵੇਂ ਸਾਲ ਦੇ ਨਵੇਂ ਸੂਰਜ ਨੂੰ ਤੇ ਨਵੀਂ ਸਵੇਰ ਨੂੰ ਆਪਣੀ ਨਵੀਂ ਪਹਿਚਾਣ ਦੇ ਨਾਲ ਆਪਣੀ ਹਾਜ਼ਰੀ ਦਰਜ ਕਰ ਰਿਹਾ ਹੈ, ਇਹ ਕੋਈ ਕਰਿਸ਼ਮਾ ਨਹੀਂ ਹੈ ਇਹ ਉਸ ਸਿਰੜ ਤੇ ਲੋਕ ਆਵਾਜ਼ ਵਿਸ਼ੇਸ਼ ਕਰਕੇ ਗੁਰਬਾਣੀ ਅਤੇ ਪੰਜਾਬ ਦੀ ਉਸ ਪਹਿਚਾਣ ਦੀ ਪੰਥਕ ਸੇਵਾ ਦਾ ਸਿਰੜ ਹੈ ਜਿਸ ਨੂੰ ਗਿਆਨੀ ਹਰਨਾਮ ਸਿੰਘ ਜੀ ਨੇ ਸਪਤਾਹਿਕ ਰੂਪ ਵਿੱਚ ਸ਼ੁਰੂ ਕਰਕੇ ਇਸ ਨੂੰ ਰੋਜ਼ਾਨਾ ਬਣਾਇਆ ਅਤੇ ਫ਼ਿਰ ਪਿਛਲੇ ਐਨੇ ਵਰ੍ਹਿਆਂ ਤੋਂ ਪਦਮਸ਼੍ਰੀ ਪੰਥ ਹਿਤੈਸ਼ੀ ,ਪੰਥ ਰਤਨ ਡਾਕਟਰ ਜਗਜੀਤ ਸਿੰਘ ਦਰਦੀ ਨੇ ਇਸ ਨੂੰ ਅੱਜ ਦੀ ਪਹਿਚਾਣ ਦਾ ਚਿਹਰਾ ਬਣਾਇਆ ਜੋ ਹੁਣ ਆਪਣੀ ਸਦੀ ਦੀ ਪਹਿਚਾਣ ਵਿੱਚ ਇੱਕ ਨਵੀਆਂ ਚੁਣੌਤੀਆਂ ਅਤੇ ਇੱਕ ਨਵੇਂ ਭਵਿੱਖ ਦਾ ਗਵਾਹ ਬਣ ਰਿਹਾ ਹੈ।

ਅੱਜ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿੱਚ ਕੁੱਝ ਅਖ਼ਬਾਰ ਸਿਰਫ਼ ਖ਼ਬਰਾਂ ਦੇ ਮਾਧਿਅਮ ਨਹੀਂ ਰਹਿੰਦੇ, ਉਹ ਸਮਾਜ ਦੀ ਚੇਤਨਾ, ਲੋਕਾਂ ਦੀ ਆਵਾਜ਼ ਅਤੇ ਸਮੇਂ ਦੇ ਗਵਾਹ ਬਣ ਜਾਂਦੇ ਹਨ। ਪੰਜਾਬੀ ਦੇ ਉੱਘੇ ਅਖ਼ਬਾਰ ਚੜ੍ਹਦੀਕਲਾ ਨੇ ਆਪਣੇ ਲਗਭਗ ਪੰਜ ਦਹਾਕਿਆਂ ਦੇ ਸਫ਼ਰ ਦੌਰਾਨ ਇਹ ਮਾਣ ਪ੍ਰਾਪਤ ਕੀਤਾ ਹੈ। 1977 ਵਿੱਚ ਰੋਜ਼ਾਨਾ ਅਖ਼ਬਾਰ ਵਜੋਂ ਸ਼ੁਰੂ ਹੋਈ ਇਹ ਪੱਤਰਕਾਰੀ ਯਾਤਰਾ ਅੱਜ 49 ਸਾਲ ਪੂਰੇ ਕਰਕੇ 50ਵੇਂ ਵਰ੍ਹੇ ਵਿੱਚ ਦਾਖ਼ਲ ਹੋ ਰਹੀ ਹੈ। ਅੱਜ ਇਹ ਸਿਰਫ਼ ਇੱਕ ਅਖ਼ਬਾਰ ਦੀ ਉਮਰ ਨਹੀਂ, ਸਗੋਂ ਪੰਜਾਬ ਦੀ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਅਤੇ ਲੋਕਧਾਰਾ ਦੀ ਜੀਵੰਤ ਕਹਾਣੀ ਹੈ।

ਅੱਜ ਚੜ੍ਹਦੀਕਲਾ ਇੱਕ ਵਿਚਾਰ ਤੋਂ ਸੰਸਥਾ ਬਣਨ ਤੱਕ ਦਾ ਸਿਰੜ ਭਰਿਆ ਸੰਘਰਸ਼ ਤੇ ਚੱਲਣ ਵਾਲਾ ਪੰਜਾਬੀ ਪੱਤਰਕਾਰਤਾ ਦਾ ਇਤਿਹਾਸ ਹੈ । 1977 ਦਾ ਸਮਾਂ ਪੰਜਾਬ ਅਤੇ ਭਾਰਤ ਦੀ ਰਾਜਨੀਤੀ ਵਿੱਚ ਬਦਲਾਅ ਦਾ ਦੌਰ ਸੀ। ਐਮਰਜੈਂਸੀ ਤੋਂ ਬਾਅਦ ਲੋਕਤੰਤਰ ਇੱਕ ਨਵੇਂ ਮੋੜ 'ਤੇ ਖੜ੍ਹਾ ਸੀ। ਉਸ ਸਮੇਂ ਪੰਜਾਬੀ ਭਾਸ਼ਾ ਵਿੱਚ ਅਜਿਹੀ ਪੱਤਰਕਾਰੀ ਦੀ ਲੋੜ ਮਹਿਸੂਸ ਹੋ ਰਹੀ ਸੀ ਜੋ ਆਮ ਲੋਕਾਂ ਦੀ ਆਵਾਜ਼ ਬਣੇ, ਪਿੰਡਾਂ ਦੀ ਧੜਕਣ ਨੂੰ ਸ਼ਹਿਰਾਂ ਤੱਕ ਲੈ ਕੇ ਜਾਵੇ ਅਤੇ ਪੰਜਾਬ ਦੀ ਅਸਲੀ ਰੂਹ ਨੂੰ ਪੇਸ਼ ਕਰੇ। ਇਸੇ ਸੋਚ ਤੋਂ ਪ੍ਰਭਾਵਿਤ ਗਿਆਨੀ ਹਰਨਾਮ ਸਿੰਘ ਜੀ ਨੇ "ਚੜ੍ਹਦੀ ਕਲਾ" ਦੀ ਨੀਂਹ ਰੱਖੀ।

ਅੱਜ ਦੁਨੀਆ ਜਾਣਦੀ ਹੈ ਕਿ ਗਿਆਨੀ ਹਰਨਾਮ ਸਿੰਘ ਸਿਰਫ਼ ਅਖ਼ਬਾਰ ਦੇ ਬਾਨੀ ਨਹੀਂ ਸਨ, ਉਹ ਇੱਕ ਮਿਸ਼ਨਰੀ ਸੋਚ ਵਾਲੇ ਵਿਅਕਤੀ ਸਨ। ਉਨ੍ਹਾਂ ਲਈ ਪੱਤਰਕਾਰੀ ਕੋਈ ਕਾਰੋਬਾਰ ਨਹੀਂ, ਸਗੋਂ ਲੋਕ-ਸੇਵਾ ਦਾ ਸਾਧਨ ਸੀ। ਪੰਜਾਬੀ ਭਾਸ਼ਾ, ਸਿੱਖਿਆ, ਸਮਾਜਿਕ ਚੇਤਨਾ ਅਤੇ ਲੋਕ-ਹਿੱਤ ਦੇ ਮੁੱਦੇ ਉਨ੍ਹਾਂ ਦੀ ਸੋਚ ਦਾ ਕੇਂਦਰ ਰਹੇ ਹਨ। ਉਹ ਮੰਨਦੇ ਸਨ ਕਿ ਅਖ਼ਬਾਰ ਸਿਰਫ਼ ਰਾਜਨੀਤਿਕ ਬਿਆਨਾਂ ਦਾ ਸੰਗ੍ਰਹਿ ਨਹੀਂ ਹੋਣਾ ਚਾਹੀਦਾ, ਬਲਕਿ ਲੋਕਾਂ ਦੀਆਂ ਸਮੱਸਿਆਵਾਂ, ਉਮੀਦਾਂ ਅਤੇ ਸੰਘਰਸ਼ਾਂ ਦਾ ਦਰਪਣ ਹੋਣਾ ਚਾਹੀਦਾ ਹੈ। ਅੱਜ ਪੰਜਾਬੀ ਪੱਤਰਕਾਰੀ ਵਿੱਚ ਵੱਖਰੀ ਪਹਿਚਾਣ ਪਹਿਚਾਣ ਦੀ ਉਘੀ ਤਸਵੀਰ ਹੈ ਰੋਜ਼ਾਨਾ ਚੜ੍ਹਦੀਕਲਾ ਦਾ ਇਹ ਸਫ਼ਰ ਅਤੇ ਹੁਣ ਉਸਦਾ ਚਿਹਰਾ ਜੋ ਲੋਕ ਭਾਵਨਾਵਾਂ ਲੋਕ ਹਿਤੈਸ਼ੀ ਤੇ ਪੰਜਾਬ ਦੀ ਆਵਾਜ਼ ਬਣ ਕੇ ਉਹ ਉਭਰਿਆ ਹੈ।

ਅੱਜ ਇਹ ਇਤਿਹਾਸ ਦਾ ਪੰਨਾ ਹੈ ਕਿ ਪਿਛਲੇ 49 ਵਰ੍ਹਿਆਂ ਵਿੱਚ "ਚੜ੍ਹਦੀਕਲਾ"ਨੇ ਪੰਜਾਬੀ ਪੱਤਰਕਾਰੀ ਵਿੱਚ ਆਪਣੀ ਇੱਕ ਵਿਲੱਖਣ ਪਛਾਣ ਬਣਾਈ ਹੈ। ਜਦੋਂ ਮੀਡੀਆ ਵਿੱਚ ਵਪਾਰਕ ਰੁਝਾਨ ਵਧੇ, ਤਦ ਵੀ ਇਸ ਅਖ਼ਬਾਰ ਨੇ ਆਪਣੇ ਮੁੱਖ ਸੰਪਾਦਕ ਜਗਜੀਤ ਸਿੰਘ ਦਰਦੀ ਦੀ ਅਗਵਾਈ ਵਿੱਚ ਆਪਣੇ ਲੋਕ-ਕੇਂਦਰਿਤ ਸਰੋਕਾਰਾਂ ਨੂੰ ਕਾਇਮ ਰੱਖਿਆ ਹੈ । ਖੇਤੀਬਾੜੀ, ਪਿੰਡਾਂ ਦੀਆਂ ਸਮੱਸਿਆਵਾਂ, ਨੌਜਵਾਨਾਂ ਦੀ ਚਿੰਤਾ, ਪੰਜਾਬੀ ਭਾਸ਼ਾ ਦਾ ਮੁੱਦਾ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ, ਸਮਾਜਿਕ ਅਸਮਾਨਤਾ ਅਤੇ ਆਮ ਲੋਕਾਂ ਦੀ ਆਵਾਜ਼ ਇਹ ਸਾਰੇ ਵਿਸ਼ੇ "ਚੜ੍ਹਦੀਕਲਾ" ਦੀ ਪੱਤਰਕਾਰੀ ਦੇ ਕੇਂਦਰ ਰਹੇ ਹਨ । ਪੰਜਾਬ ਦੇ ਹੋਣੀਆਂ ਭਰੇ ਹਾਲਾਤ ਤੇ ਪੰਜਾਬ ਦੇ ਲੋਕਾਂ ਦੇ ਹਰ ਦੁੱਖ ਦਰਦ ਵਿੱਚ ਇਸ ਅਖ਼ਬਾਰ ਨੇ ਪੰਜਾਬ ਦੇ ਸਭ ਤੋਂ ਔਖੇ ਦੌਰਾਂ ਨੂੰ ਵੀ ਨੇੜੇ ਤੋਂ ਦੇਖਿਆ ਮੈਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਇਸ ਔਖੇ ਦੌਰ ਦੇ ਵਿੱਚ ਵੀ ਮੈਂ ਜਗਜੀਤ ਸਿੰਘ ਦਰਦੀ ਹੋਰਾਂ ਨੂੰ ਕਦੇ ਡੋਲਦੇ ਹੋਏ ਨਹੀਂ ਦੇਖਿਆ, ਉਹ ਹਮੇਸ਼ਾ ਆਪਣੀ ਧੁੰਨ ਦੇ ਪੱਕੇ ਅਤੇ ਲੋਕ ਮਨਾਂ ਨਾਲ ਖੜ੍ਹੇ ਰਹੇ ਹਨ।

ਜਦੋਂ 1980 ਅਤੇ 1990 ਦੇ ਦਹਾਕਿਆਂ ਦੀ ਉਥਲ-ਪੁਥਲ, ਅੱਤਵਾਦ, ਡਰ ਅਤੇ ਰਾਜਨੀਤਿਕ ਅਸਥਿਰਤਾ ਦੇ ਸਮੇਂ ਵਿੱਚ ਵੀ "ਚੜ੍ਹਦੀਕਲਾ"ਨੇ ਸੰਤੁਲਿਤ ਅਤੇ ਜ਼ਿੰਮੇਵਾਰ ਪੱਤਰਕਾਰੀ ਦੀ ਮਿਸਾਲ ਕਾਇਮ ਕੀਤੀ। ਜਦੋਂ ਕਈ ਆਵਾਜ਼ਾਂ ਖ਼ਾਮੋਸ਼ ਹੋ ਰਹੀਆਂ ਸਨ, ਤਦ ਵੀ ਇਸ ਅਖ਼ਬਾਰ ਨੇ ਲੋਕਾਂ ਦੇ ਦਰਦ ਅਤੇ ਸੱਚ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ ਜੋ ਹੁਣ ਇਤਿਹਾਸ ਤੇ ਪੰਜਾਬੀ ਪੱਤਰਕਾਰੀ ਦਾ ਸੱਚ ਹੈ। ਮੈਂ ਸਮਝਦਾ ਹਾਂ ਕਿ ਰੋਜ਼ਾਨਾ ਚੜ੍ਹਦੀਕਲਾ ਪੰਜਾਬ ਦੀ ਲੋਕਧਾਰਾ ਨਾਲ ਜੁੜਿਆ ਅਖ਼ਬਾਰ ਹੈ। ਅੱਜ "ਚੜ੍ਹਦੀਕਲਾ" ਦੀ ਸਭ ਤੋਂ ਵੱਡੀ ਤਾਕਤ ਇਸ ਦਾ ਲੋਕਾਂ ਨਾਲ ਜੁੜਾਅ ਰਿਹਾ ਹੈ। ਇਹ ਅਖ਼ਬਾਰ ਕੇਵਲ ਸ਼ਹਿਰੀ ਪਾਠਕਾਂ ਦਾ ਨਹੀਂ, ਪਿੰਡਾਂ ਦੇ ਪੰਜਾਬ ਦਾ ਵੀ ਅਖ਼ਬਾਰ ਬਣਿਆ। ਇਸ ਨੇ ਮਾਲਵੇ, ਮਾਝੇ ਅਤੇ ਦੋਆਬੇ ਦੀ ਮਿੱਟੀ ਦੀ ਖੁਸ਼ਬੂ ਨੂੰ ਆਪਣੀਆਂ ਖ਼ਬਰਾਂ ਅਤੇ ਲੇਖਾਂ ਰਾਹੀਂ ਜਿਊਂਦਾ ਰੱਖਿਆ।

ਅੱਜ ਪੰਜਾਬ ਦੇ ਕਿਸਾਨੀ ਸੰਕਟ, ਬੇਰੁਜ਼ਗਾਰੀ, ਨਸ਼ਿਆਂ, ਪਰਵਾਸ, ਸਿੱਖਿਆ ਅਤੇ ਸੱਭਿਆਚਾਰਕ ਪਤਨ ਵਰਗੇ ਮੁੱਦਿਆਂ ਨੂੰ ਲਗਾਤਾਰ ਉਭਾਰ ਕੇ ਇਸ ਅਖ਼ਬਾਰ ਨੇ ਇੱਕ ਸਮਾਜਿਕ ਜ਼ਿੰਮੇਵਾਰੀ ਨਿਭਾਈ ਹੈ। "ਚੜ੍ਹਦੀ ਕਲਾ" ਦੀ ਸੰਪਾਦਕੀ ਸੋਚ ਹਮੇਸ਼ਾ ਲੋਕਾਂ ਦੇ ਹੱਕ ਵਿੱਚ ਖੜ੍ਹੀ ਰਹੀ ਹੈ।

ਸੰਪਾਦਕ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਦੀ ਅਗਵਾਈ ਵਿੱਚ ਅੱਜ "ਚੜ੍ਹਦੀ ਕਲਾ" ਦੇ 50ਵੇਂ ਵਰ੍ਹੇ ਵੱਲ ਵਧਦੇ ਸਫ਼ਰ ਦੇ ਪਿੱਛੇ ਮੌਜੂਦਾ ਐਡੀਟਰ ਜਗਜੀਤ ਸਿੰਘ ਦਰਦੀ ਦੀ ਸੇਵਾ ਅਤੇ ਦੂਰਦਰਸ਼ੀ ਸੋਚ ਵੀ ਮਹੱਤਵਪੂਰਨ ਹੈ। ਅੱਜ ਉਨ੍ਹਾਂ ਨੇ ਬਦਲਦੇ ਮੀਡੀਆ ਯੁੱਗ ਵਿੱਚ ਅਖ਼ਬਾਰ ਨੂੰ ਨਵੀਂ ਦਿਸ਼ਾ ਦਿੱਤੀ ਹੈ। ਡਿਜ਼ੀਟਲ ਮੀਡੀਆ ਦੇ ਵਧਦੇ ਪ੍ਰਭਾਵ ਦੇ ਬਾਵਜੂਦ "ਚੜ੍ਹਦੀਕਲਾ" ਨੇ ਆਪਣੀ ਵਿਸ਼ਵਸਨੀਯਤਾ ਅਤੇ ਪਾਠਕਾਂ ਨਾਲ ਰਿਸ਼ਤਾ ਕਾਇਮ ਰੱਖਿਆ ਹੈ। ਅੱਜ ਇਹ ਸਭ ਤੋਂ ਵੱਡੀ ਗੱਲ ਹੈ।

ਪਦਮਸ੍ਰੀ ਜਗਜੀਤ ਸਿੰਘ ਦਰਦੀ ਨੇ ਅਖ਼ਬਾਰ ਨੂੰ ਸਿਰਫ਼ ਖ਼ਬਰਾਂ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸਨੂੰ ਵਿਚਾਰ, ਸੰਵਾਦ ਅਤੇ ਸਮਾਜਿਕ ਜਾਗਰੂਕਤਾ ਦਾ ਮੰਚ ਬਣਾਇਆ। ਉਨ੍ਹਾਂ ਦੀ ਸੰਪਾਦਕੀ ਅਗਵਾਈ ਹੇਠ ਅਖ਼ਬਾਰ ਨੇ ਨੌਜਵਾਨ ਪੀੜ੍ਹੀ ਨੂੰ ਵੀ ਆਪਣੇ ਨਾਲ ਜੋੜਿਆ ਹੈ। ਅੱਜ ਜਦੋਂ ਮੀਡੀਆ ਦਾ ਵੱਡਾ ਹਿੱਸਾ ਸਨਸਨੀਖੇਜ਼ੀ ਅਤੇ ਟੀ.ਆਰ.ਪੀ. ਦੀ ਦੌੜ ਵਿੱਚ ਹੈ, ਤਦ "ਚੜ੍ਹਦੀਕਲਾ" ਨੇ ਸੰਤੁਲਿਤ ਅਤੇ ਮੂਲ-ਅਧਾਰਿਤ ਪੱਤਰਕਾਰੀ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ।

ਅੱਜ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੇਵਾ ਅਤੇ ਪੰਜਾਬ ਦੇ ਲੋਕਾਂ ਦੇ ਮਨਾਂ ਨੂੰ ਟਟੋਲਣ ਵਾਲਾ ਇੱਕੋ ਇੱਕ ਅਖ਼ਬਾਰ "ਚੜ੍ਹਦੀਕਲਾ" ਦਾ ਇੱਕ ਹੋਰ ਵੱਡਾ ਯੋਗਦਾਨ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੇਵਾ ਹੈ। ਇਸ ਅਖ਼ਬਾਰ ਨੇ ਪੰਜਾਬੀ ਸਾਹਿਤ, ਕਵਿਤਾ, ਕਹਾਣੀ, ਵਿਚਾਰ ਅਤੇ ਲੋਕਧਾਰਾ ਨੂੰ ਆਪਣੇ ਪੰਨਿਆਂ 'ਤੇ ਥਾਂ ਦਿੱਤੀ। ਕਈ ਉੱਘੇ ਲੇਖਕਾਂ, ਕਵੀਆਂ ਅਤੇ ਬੁੱਧੀਜੀਵੀਆਂ ਨੂੰ ਇਸ ਮੰਚ ਰਾਹੀਂ ਆਪਣੀ ਆਵਾਜ਼ ਮਿਲੀ।

ਅੱਜ ਹਰ ਸਵੇਰ ਇਹ ਅਖ਼ਬਾਰ ਸਿਰਫ਼ ਰੋਜ਼ਾਨਾ ਦੀਆਂ ਖ਼ਬਰਾਂ ਨਹੀਂ ਲੈ ਕੇ ਆਉਂਦਾ, ਸਗੋਂ ਪੰਜਾਬ ਦੀ ਸੱਭਿਆਚਾਰਕ ਚੇਤਨਾ ਨੂੰ ਵੀ ਜਿਊਂਦਾ ਰੱਖਣ ਦਾ ਕਾਰਜ ਕਰ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਮਜ਼ਬੂਤ ਬਣਾਉਣ ਵਿੱਚ "ਚੜ੍ਹਦੀਕਲਾ" ਦੀ ਭੂਮਿਕਾ ਮਹੱਤਵਪੂਰਨ ਰਹੀ ਹੈ।

**ਅੱਜ 50ਵੇਂ ਵਰ੍ਹੇ ਵੱਲ :** ਨਵੀਆਂ ਚੁਣੌਤੀਆਂ, ਨਵੀਆਂ ਉਮੀਦਾਂ ਨਾਲ ਅੱਗੇ ਵਧਦਿਆਂ ਅੱਜ ਜਦੋਂ "ਚੜ੍ਹਦੀਕਲਾ" ਆਪਣੇ 50ਵੇਂ ਵਰ੍ਹੇ ਵਿੱਚ ਦਾਖ਼ਲ ਹੋ ਰਿਹਾ ਹੈ ਅਤੇ ਮੀਡੀਆ ਦਾ ਸੰਸਾਰ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਡਿਜ਼ੀਟਲ ਪਲੇਟਫਾਰਮ, ਸੋਸ਼ਲ ਮੀਡੀਆ, ਤੇਜ਼ ਰਫ਼ਤਾਰ ਜਾਣਕਾਰੀ ਅਤੇ ਫ਼ੇਕ ਨਿਊਜ਼ ਦੇ ਦੌਰ ਵਿੱਚ ਵਿਸ਼ਵਸਨੀਯ ਪੱਤਰਕਾਰੀ ਸਭ ਤੋਂ ਵੱਡੀ ਲੋੜ ਬਣ ਗਈ ਹੈ। ਅਜਿਹੇ ਸਮੇਂ ਵਿੱਚ "ਚੜ੍ਹਦੀਕਲਾ" ਵਰਗੇ ਅਖ਼ਬਾਰਾਂ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ।

ਰੋਜ਼ਾਨਾ ਚੜ੍ਹਦੀਕਲਾ ਦਾ ਇਹ ਸਫ਼ਰ ਸਾਬਤ ਕਰਦਾ ਹੈ ਕਿ ਜੇਕਰ ਪੱਤਰਕਾਰੀ ਲੋਕਾਂ ਨਾਲ ਜੁੜੀ ਰਹੇ, ਸੱਚ ਅਤੇ ਸੰਤੁਲਨ ਨੂੰ ਆਪਣਾ ਅਧਾਰ ਬਣਾਏ, ਤਾਂ ਸਮਾਂ ਉਸਦੀ ਪਹਿਚਾਣ ਨੂੰ ਹੋਰ ਮਜ਼ਬੂਤ ਕਰਦਾ ਹੈ। ਅੱਜ 49 ਸਾਲਾਂ ਦੀ ਇਹ ਯਾਤਰਾ ਇੱਕ ਮਜ਼ਬੂਤ ਵਿਰਾਸਤ ਹੈ ਅਤੇ 50ਵਾਂ ਵਰ੍ਹਾ ਨਵੀਆਂ ਉਮੀਦਾਂ ਦਾ ਪ੍ਰਤੀਕ ਹੈ ।

ਅੱਜ "ਚੜ੍ਹਦੀਕਲਾ" ਦਾ ਇਤਿਹਾਸ ਸਿਰਫ਼ ਇੱਕ ਅਖ਼ਬਾਰ ਦਾ ਇਤਿਹਾਸ ਨਹੀਂ, ਸਗੋਂ ਪੰਜਾਬ ਦੀ ਲੋਕ-ਚੇਤਨਾ, ਸੰਘਰਸ਼ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਇਤਿਹਾਸ ਹੈ। ਗਿਆਨੀ ਹਰਨਾਮ ਸਿੰਘ ਦੀ ਦੂਰਦਰਸ਼ੀ ਸੋਚ ਤੋਂ ਲੈ ਕੇ ਜਗਜੀਤ ਸਿੰਘ ਦਰਦੀ ਦੀ ਆਧੁਨਿਕ ਅਗਵਾਈ ਤੱਕ ਇਹ ਯਾਤਰਾ ਸੇਵਾ, ਸੱਚ ਅਤੇ ਪੰਜਾਬੀਅਤ ਦੀ ਮਿਸਾਲ ਬਣੀ ਹੋਈ ਹੈ।

ਅੱਜ 49 ਵਰ੍ਹਿਆਂ ਦਾ ਇਹ ਸਫ਼ਰ ਪੰਜਾਬੀ ਪੱਤਰਕਾਰੀ ਲਈ ਮਾਣ ਦੀ ਗੱਲ ਹੈ। 50ਵੇਂ ਵਰ੍ਹੇ ਵਿੱਚ ਦਾਖ਼ਲ ਹੁੰਦਾ "ਚੜ੍ਹਦੀਕਲਾ" ਸਿਰਫ਼ ਇੱਕ ਅਖ਼ਬਾਰ ਨਹੀਂ, ਸਗੋਂ ਪੰਜਾਬ ਦੀ ਧੜਕਣ ਅਤੇ ਲੋਕਾਂ ਦੀ ਆਵਾਜ਼ ਵਜੋਂ ਆਪਣਾ ਵਜੂਦ ਕਾਇਮ ਰੱਖਣ ਵਾਲੀ ਸੰਸਥਾ ਹੈ।

ਸ੍ਰੀ ਜਗਜੀਤ ਸਿੰਘ ਦਰਦੀ ਨੇ ਇਥੇ ਹੀ ਬਸ ਨਹੀਂ ਕੀਤੀ ਉਹਨਾਂ ਨੇ ਚੜ੍ਹਦੀਕਲਾ ਟਾਈਮ ਟੈਲੀਵਿਜ਼ਨ ਦੁਨੀਆਂ ਭਰ ਵਿੱਚ ਗੁਰਬਾਣੀ ਤੇ ਪੰਥ ਦੇ ਮਸਲਿਆਂ ਲਈ ਅਤੇ ਲੋਕ ਆਵਾਜ਼ ਲਈ ਸ਼ੁਰੂ ਕੀਤਾ ਜੋ ਬੜੀ ਸਫਲਤਾ ਦੇ ਨਾਲ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਪੂਰੀ ਦੁਨੀਆ ਵਿੱਚ ਪੰਜਾਬ ਪੰਜਾਬੀਅਤ ਦੇ ਹੱਕਾਂ ਦੀ ਰਾਖੀ ਕਰਦਾ ਹੋਇਆ ਲੋਕ ਮਨਾਂ ਨੂੰ ਜਗਾਉਂਦਾ ਹੈ।

ਅੱਜ ਇਹ ਕੋਸ਼ਿਸ਼ਾਂ ਪੰਜਾਬ ਦੇ ਵਰਤਮਾਨ ਨੂੰ ਉਸ ਪਛਾਣ ਦਿਵਾਉਣ ਵਿੱਚ ਸੰਘਰਸ਼ਸ਼ੀਲ ਹਨ, ਜਿਸ ਤੋਂ ਪੰਜਾਬ ਪਿੱਛੇ ਹੱਟ ਰਿਹਾ ਹੈ। ਅੱਜ ਦੇ ਮਾਹੌਲ ਵਿੱਚ ਰੋਜ਼ਾਨਾ ਪੰਜਾਬੀ ਅਖ਼ਬਾਰ ਚਲਾਉਣਾ ਤੇ ਰੋਜ਼ਾਨਾ ਟੈਲੀਵਿਜ਼ਨ ਚਲਾਉਣਾ ਜਿੰਨਾ ਮੁਸ਼ਕਲ ਹੈ ਉਸ ਦੀ ਗਾਥਾ ਤੇ ਸੰਘਰਸ਼ ਦੀ ਕਹਾਣੀ ਅਲੱਗ ਹੈ ।

ਅੱਜ ਮੈਂ ਇਸ ਮੌਕੇ 'ਤੇ ਮੈਂ ਆਪਣੇ ਮਿੱਤਰ ਪਦਮ ਸ਼੍ਰੀ ਜਗਜੀਤ ਸਿੰਘ ਦਰਦੀ, ਹਰਪ੍ਰੀਤ ਸਿੰਘ ਦਰਦੀ ਤੇ ਪੂਰੀ ਟੀਮ ਨੂੰ ਵਧਾਈ ਦਿੰਦਾ ਹਾਂ ਤੇ ਆਪਣੇ ਆਪ ਨੂੰ ਵੀ ਮਾਣਮੱਤਾ ਮਹਿਸੂਸ ਕਰ ਰਿਹਾ ਹਾਂ ਕਿ ਇਸ ਸੰਘਰਸ਼ ਦੇ ਵਿੱਚ ਕਿਤੇ ਨਾ ਕਿਤੇ ਮੇਰੀ ਵੀ ਇੱਕ ਭੂਮਿਕਾ ਰਹੀ ਹੈ ਤੇ ਅੱਜ ਵੀ ਹੈ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਆਉਣ ਵਾਲੇ ਦਿਨਾਂ ਵਿੱਚ ਹੀ ਜਾਰੀ ਰਹੇਗੀ ।

ਅੱਜ ਦੇ ਦਿਨ 'ਤੇ ਮੈਂ ਤਹਿ ਦਿਲੋਂ ਆਪਣੇ ਮਿੱਤਰ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਨੂੰ ਸ਼ੁਭ ਕਾਮਨਾਵਾਂ ਦਿੰਦਾ ਹਾਂ ਕਿ ਅਗਲੇ ਸਾਲਾਂ ਦੇ ਵਿੱਚ ਚੜ੍ਹਦੀਕਲਾ ਟੈਲੀਵਿਜ਼ਨ ਤੇ ਅਖ਼ਬਾਰ ਪੰਜਾਬ ਦੀ ਪਹਿਚਾਣ ਦੇ ਨਵੇਂ ਮਰਹਲੇ ਪਾਰ ਕਰਕੇ ਇਕ ਨਵੀਂ ਪਹਿਚਾਣ ਬਣਾਉਣ ਵਿੱਚ ਸਫਲ ਹੋਣ। ਬਹੁਤ ਸਾਰੀਆਂ ਸ਼ੁਭਕਾਮਨਾਵਾਂ ਨਾਲ।



# ਪੰਜਾਬ ਦੇ ਸ਼ੇਰਾਂ ਤੇ ਬਾਜਾਂ ਨੂੰ ਗਟਰ ਦੇ ਗੰਦੇ ਕੀੜੇ ਬਣਾਉਣ ਦਾ ਮਨੋ ਵਿਗਿਆਨ



ਬਘੇਲ ਸਿੰਘ ਧਾਲੀਵਾਲ
99142-58142

**ਉਹਨਾਂ ਨੇ ਮੁਰਦਾ ਜ਼ਮੀਰਾਂ ਵਿੱਚ ਜਾਨ ਪਾਈ ਸੀ। ਡਰੇ ਹੋਏ ਗੀਦੀ ਲੋਕਾਂ ਨੂੰ ਸ਼ੇਰ ਬਣਾਇਆ ਸੀ। ਇਸ ਲਈ ਹੀ ਸਿੰਘ ਸਿਰਦਾਰ ਦਾ ਖਿਤਾਬ ਦਿੱਤਾ ਗਿਆ ਸੀ।ਸਿੰਘ ਦਾ ਅਰਥ ਹੀ ਆਜ਼ਾਦੀ, ਦਲੇਰੀ ਅਤੇ ਖੁਦਦਾਰੀ ਹੈ।ਗੁਰੂ ਸਾਹਿਬਾਨਾਂ ਨੇ ਬਾਜ਼ ਰੱਖ ਕੇ ਜਿੱਥੇ ਸਮੇਂ ਦੇ ਹਾਕਮ ਨੂੰ ਚੁਣੌਤੀ ਦਿੱਤੀ,ਓਥੇ ਆਪਣੇ ਸਿੱਖਾਂ ਨੂੰ ਵੀ ਬਾਜ਼ ਪਰਵਿਰਤੀ ਨਾਲ ਜਿਊਣ ਦੀ ਪ੍ਰੇਰਣਾ ਦਿੱਤੀ।ਕਿਉਂਕਿ ਬਾਜ ਕਦੇ ਗੁਲਾਮ ਨਹੀਂ ਰਹਿੰਦਾ। ਬਾਜ਼ ਪਿੰਜਰੇ ਵਿੱਚ ਬੰਦ ਹੋ ਕੇ ਜਿਊਣ ਨਾਲੋਂ ਮਰਨਾ ਬਿਹਤਰ ਸਮਝਦਾ ਹੈ। ਬਾਜ ਆਪਣੀ ਉਡਾਣ ਲਈ ਜਾਣਿਆ ਜਾਂਦਾ ਹੈ, ਆਪਣੀ ਖੁਦਮੁਖਤਿਆਰੀ ਲਈ ਜਾਣਿਆ ਜਾਂਦਾ ਹੈ।ਪਰ ਅੱਜ ਭਾਰਤ ਦੇ ਨਾਲ ਪੰਜਾਬ ਦੇ ਨੌਜਵਾਨਾਂ ਅੰਦਰ ਵੀ ਕਾਕਰੋਚ ਬਣਨ ਵਾਲੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਉਹਨਾਂ ਨੂੰ ਇਹ ਸਮਝਾਇਆ ਜਾ ਰਿਹਾ ਹੈ ਕਿ ਆਪਣੀ ਬੇਇੱਜ਼ਤੀ ਨੂੰ ਵੀ ਮਾਣ ਸਮਝੋ। ਗਾਲ੍ਹ ਨੂੰ ਆਪਣੀ ਪਛਾਣ ਬਣਾਓ।ਇਹ ਇੱਕ ਬਹੁਤ ਗਹਿਰਾ ਮਨੋਵਿਗਿਆਨਿਕ ਹਮਲਾ ਹੈ।ਇਹ ਉਹੀ ਨੀਤੀ ਹੈ ਜਿਸ ਰਾਹੀਂ ਪਹਿਲਾਂ ਲੋਕਾਂ ਦੀ ਸੋਚ ਨੂੰ ਬਦਲਿਆ ਜਾਂਦਾ ਹੈ, ਫਿਰ ਉਹਨਾਂ ਦੀ ਰਾਜਨੀਤਿਕ ਦਿਸ਼ਾ ਅਤੇ ਦਸ਼ਾ ਨੂੰ।ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਥੇ ਇੱਕ ਝੂਠ ਨੂੰ ਵੀ ਹਜ਼ਾਰ ਵਾਰ ਦੂਹਰਾ ਕੇ ਸੱਚ ਬਣਾ ਦਿੱਤਾ ਜਾਂਦਾ ਹੈ।**

ਭਾਰਤ ਦੀ ਰਾਜਨੀਤੀ ਵਿੱਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਅਜਿਹੇ ਕਈ ਪ੍ਰਯੋਗ ਹੋਏ ਹਨ, ਜਿਸ ਦੌਰਾਨ ਲੋਕ ਭਾਵਨਾਵਾਂ ਨੂੰ ਕੈਸ਼ ਕਰਨ ਦੇ ਸਫਲ ਤਜਰਬੇ ਸਾਹਮਣੇ ਆਏ।ਪਹਿਲਾਂ ਅੰਨਾ ਹਜ਼ਾਰੇ ਦੇ ਅੰਦੋਲਨ ਦੇ ਨਾਮ ਹੇਠ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਖੜ੍ਹੀ ਕੀਤੀ ਗਈ, ਫਿਰ ਉਸੇ ਅੰਦੋਲਨ ਦੇ ਭਾਵਨਾਤਮਿਕ ਜੋਸ਼ ਵਿੱਚੋਂ ਦੋ ਵੱਡੀਆਂ ਰਾਜਨੀਤਿਕ ਤਾਕਤਾਂ ਨਿਕਲ ਕੇ ਸਾਹਮਣੇ ਆਈਆਂ। ਇੱਕ ਤਾਂ ਭਾਰਤੀ ਜਨਤਾ ਪਾਰਟੀ ਦੇ ਰੂਪ ਵਿੱਚ ਤਾਕਤਵਰ ਹੋਈ, ਜਿਸਨੇ ਸ਼ਕਤੀਸ਼ਾਲੀ ਕਾਂਗਰਸ ਪਾਰਟੀ ਨੂੰ ਲਗਭਗ ਜੜ੍ਹੋਂ ਉਖਾੜ ਕੇ,ਦੇਸ਼ ਦੀ ਸੱਤਾ ਹਾਸਲ ਕੀਤੀ ਅਤੇ ਦੂਜੀ ਪਾਰਟੀ ਦੇਸ਼ 'ਚੋਂ ਗੰਦੀ ਰਾਜਨੀਤੀ ਦਾ ਸਫਾਇਆ ਕਰਨ ਲਈ ਹੱਥ ਵਿੱਚ ਝਾੜੂ ਲੈ ਕੇਆਮ ਆਦਮੀ ਦੇ ਲਾਰੇ ਅਤੇ ਨਾਅਰੇ ਹੇਠ ਹੋਂਦ ਵਿੱਚ ਆਈ, ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਵਾਰਸਾਂ ਦੇ ਹੱਥਾਂ 'ਚੋਂ ਤਿੰਨ ਫੁੱਟੀ ਕਿਰਪਾਨ ਛੁਡਵਾ ਕੇ ਝਾੜੂ ਫੜਾ ਦਿੱਤੇ ਅਤੇ ਪੰਜਾਬ ਵਰਗੇ ਸੁਚੇਤ ਸੂਬੇ ਵਿੱਚ ਆਪਣਾ ਰਾਜ ਸਥਾਪਿਤ ਕਰ ਲਿਆ।ਉਸ ਵੇਲੇ ਵੀ ਪੰਜਾਬ ਦੀ ਜਨਤਾ ਨੂੰ ਇਹ ਕਹਿ ਕੇ ਭਰਮਾਇਆ ਗਿਆ ਸੀ ਕਿ ਹੁਣ ਪੰਜਾਬ ਅੰਦਰ ਗੁਰੂ ਆਸ਼ੇ ਦੇ ਅਨੁਸਾਰੀ ਨਵੀਂ ਰਾਜਨੀਤੀ ਆਵੇਗੀ, ਵੀਆਈਪੀ ਕਲਚਰ ਖਤਮ ਹੋਵੇਗਾ, ਆਮ ਲੋਕਾਂ ਦੀ ਸਰਕਾਰ ਬਣੇਗੀ, ਇਮਾਨਦਾਰ ਲੋਕ ਸੱਤਾ ਵਿੱਚ ਆਉਣਗੇ, ਭਾਵ ਮੁਕੰਮਲ ਬਦਲਾਅ ਲੈਕੇ ਆਵੇਗੀ ਲੋਕਾਂ ਵਿੱਚੋਂ ਪੈਦਾ ਹੋਈ ਲੋਕਾਂ ਦੀ ਪਾਰਟੀ,ਪਰ ਕੁਝ ਸਾਲਾਂ ਦੇ ਅੰਦਰ ਹੀ ਪੰਜਾਬ ਦੇ ਲੋਕਾਂ ਨੇ ਦੇਖ ਲਿਆ ਕਿ ਜਿਹੜੇ ਲੋਕ ਲਾਲ ਬੱਤੀਆਂ ਦੇ ਵਿਰੋਧ ਵਿੱਚ ਨਿਕਲੇ ਸਨ, ਉਹਨਾਂ ਦੇ ਆਪਣੇ ਵੱਡੇ ਵੱਡੇ ਕਾਫਲੇ ਸਾਇਰਨਾਂ ਨਾਲ ਦੌੜਣ ਲੱਗ ਪਏ,ਆਮ ਆਦਮੀ ਤੋਂ ਵਿਸ਼ੇਸ ਬਣਨ ਵਾਲਿਆਂ ਦੇ ਕਾਰੋਬਾਰ ਅਮਰਵੇਲ ਵਾਂਗ ਵਧਣ ਲੱਗ ਪਏ, ਜਿਹੜੇ ਲੋਕ ਪੁਰਾਣੀ ਰਾਜਨੀਤੀ ਨੂੰ ਗਾਲਾਂ ਕੱਢਦੇ ਸਨ, ਉਹਨਾਂ ਨੇ ਉਹੀ ਪੁਰਾਣੀ ਰਾਜਨੀਤੀ ਹੋਰ ਵਧੇਰੇ ਚਾਲਾਕੀ ਨਾਲ ਖੇਡਣੀ ਸ਼ੁਰੂ ਕਰ ਦਿੱਤੀ,ਬਲਕਿ ਉਹਨਾਂ ਨੇ ਰਾਜਨੀਤੀ ਨੂੰ ਅਸਲੋਂ ਆਪਣਾ ਕਾਰੋਬਾਰ ਬਣਾ ਲਿਆ। ਅੱਜ ਫਿਰ ਇੱਕ ਨਵਾਂ ਪ੍ਰਯੋਗ ਭਾਰਤ ਦੀ ਧਰਤੀ ਉੱਤੇ ਕੀਤਾ ਜਾ ਰਿਹਾ ਹੈ,ਜਿਸਦਾ ਸਿੱਧਾ ਪ੍ਰਭਾਵ ਪੰਜਾਬ ਉੱਤੇ ਪੈਂਦਾ ਦਿਖਾਈ ਦੇ ਰਿਹਾ ਹੈ। ਕਾਕਰੋਚ ਜਨਤਾ ਦਲ ਨਾਮ ਦੀ ਇੱਕ ਨਵੀਂ ਪਾਰਟੀ ਨੂੰ ਰਾਤੋ-ਰਾਤ ਇਸ ਤਰ੍ਹਾਂ ਉਭਾਰਿਆ ਗਿਆ ਹੈ ਜਿਵੇਂ ਕੋਈ ਬਹੁਤ ਵੱਡੀ ਲੋਕ ਲਹਿਰ ਖੜੀ ਹੋ ਗਈ ਹੋਵੇ। ਸੋਸ਼ਲ ਮੀਡੀਆ ਦੇ ਰਾਹੀਂ ਇਸ ਪਾਰਟੀ ਦਾ ਐਨਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਮ ਬੰਦਾ ਵੀ ਹੈਰਾਨ ਹੋ ਰਿਹਾ ਹੈ ਕਿ ਆਖਿਰ ਇਹ ਤਾਕਤ ਆਈ ਕਿੱਥੋਂ। ਕੱਲ੍ਹ ਤੱਕ ਜਿਸ ਪਾਰਟੀ ਦਾ ਨਾਮ ਕਿਸੇ ਨੇ ਨਹੀਂ ਸੁਣਿਆ ਸੀ,ਉਹ ਅਚਾਨਕ ਲੱਖਾਂ ਮੈਂਬਰਾਂ ਵਾਲੀ ਪਾਰਟੀ ਕਿਵੇਂ ਬਣ ਗਈ, ਇਹੀ ਉਹ ਸਵਾਲ ਹਨ,ਜਿਨ੍ਹਾਂ ਨੂੰ ਸਮਝਣ ਦੀ ਲੋੜ ਹੈ।ਇਹ ਵੀ ਸ਼ਿੱਦਤ ਨਾਲ ਸਮਝਣ ਅਤੇ ਯਾਦ ਰੱਖਣ ਦੀ ਲੋੜ ਹੈ ਕਿ ਭਾਰਤ ਦੀ ਰਾਜਨੀਤੀ ਵਿੱਚ ਕਦੇ ਵੀ ਕੋਈ ਵੱਡਾ ਪ੍ਰਯੋਗ ਅਚਾਨਕ ਨਹੀਂ ਹੁੰਦਾ,ਹਰ ਵਰਤਾਰੇ ਪਿੱਛੇ ਕੋਈ ਡੂੰਘੀ ਸਾਜਿਸ਼ ਜ਼ਰੂਰ ਹੁੰਦੀ ਹੈ।ਹਰ ਪ੍ਰਯੋਗ ਦੇ ਪਿੱਛੇ ਵੱਡੀਆਂ ਤਾਕਤਾਂ ਦੀ ਕੋਈ ਨਾ ਕੋਈ ਡੂੰਘੀ ਰਣਨੀਤੀ ਕੰਮ ਕਰਦੀ ਹੈ। ਅੰਨਾ ਹਜ਼ਾਰੇ ਦਾ ਅੰਦੋਲਨ ਵੀ ਸਿਰਫ਼ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਨਹੀਂ ਸੀ, ਬਲਕਿ ਉਸ ਦੇ ਪਿੱਛੇ ਵੱਡੀਆਂ ਤਾਕਤਾਂ ਦੀ ਦੰਭੀ ਸੋਚ ਕੰਮ ਕਰਦੀ ਸੀ, ਨਤੀਜੇ ਵਜੋਂ ਭਾਰਤੀ ਰਾਜਨੀਤੀ ਦਾ ਪੂਰਾ ਪਾਵਰ ਸੈਂਟਰ ਹੀ ਬਦਲ ਗਿਆ। ਉਸ ਅੰਦੋਲਨ ਨੇ ਇੱਕ ਪਾਸੇ ਕਾਂਗਰਸ ਨੂੰ ਇਤਿਹਾਸਕ ਤੌਰ 'ਤੇ ਬੁਰੀ ਤਰ੍ਹਾਂ ਕਮਜ਼ੋਰ ਕਰ ਦਿੱਤਾ ਅਤੇ ਦੂਜੇ ਪਾਸੇ ਨਵੀਂਆਂ ਰਾਜਨੀਤਿਕ ਤਾਕਤਾਂ ਨੂੰ ਅੰਨ੍ਹਾ ਬਲ ਪ੍ਰਦਾਨ ਕੀਤਾ।ਇਸ ਲਈ ਅੱਜ ਜਦੋਂ ਕਾਕਰੋਚ ਨਾਮ ਹੇਠ ਇੱਕ ਨਵੀਂ ਰਾਜਨੀਤਿਕ ਲਹਿਰ ਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਅੰਨਾ ਹਜ਼ਾਰੇ ਦੇ ਅੰਦੋਲਨ 'ਤੇ ਝਾਤ ਪਾ ਲੈਣੀ ਜ਼ਰੂਰੀ ਹੈ, ਇਸ ਨੂੰ ਸਿਰਫ਼ ਇੱਕ ਮਜ਼ਾਕ ਜਾਂ ਨੌਜਵਾਨਾਂ ਦੀ ਭਾਵਨਾਤਮਕ ਪ੍ਰਤੀਕਿਰਿਆ ਸਮਝਣਾ ਵੱਡੀ ਭੁੱਲ ਹੋਵੇਗੀ।ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਚੀਫ ਜਸਟਿਸ ਵੱਲੋਂ ਨੌਜਵਾਨਾਂ ਲਈ ਕਾਕਰੋਚ ਵਰਗਾ ਮਾੜਾ ਸ਼ਬਦ ਵਰਤਿਆ ਗਿਆ ਅਤੇ ਉਸੇ ਤੋਂ ਪ੍ਰੇਰਿਤ ਹੋ ਕੇ ਇਹ ਪਾਰਟੀ ਹੋਂਦ ਵਿੱਚ ਆਈ। ਜੇਕਰ ਇਹ ਨੂੰ ਸੱਚ ਵੀ ਮੰਨ ਲਿਆ ਜਾਵੇ, ਤਾਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ,ਕੀ ਕਿਸੇ ਗਾਲ੍ਹ ਨੂੰ ਆਪਣੀ ਪਹਿਚਾਣ ਬਣਾਉਣਾ ਕੋਈ ਸਿਆਣਪ ਹੈ ? ਕਾਕਰੋਚ ਗਟਰ ਦਾ ਇੱਕ ਗੰਦਾ ਕੀੜਾ ਹੈ। ਲੋਕ ਆਪਣੇ ਘਰਾਂ ਵਿੱਚੋਂ ਕਾਕਰੋਚਾਂ ਨੂੰ ਮਾਰਨ ਲਈ ਜ਼ਹਿਰੀਲੀਆਂ ਦਵਾਈਆਂ ਛਿੜਕਦੇ ਹਨ। ਫਿਰ ਕਿਸ ਤਰ੍ਹਾਂ ਇੱਕ ਗੈਰਤਮੰਦ ਕੌਮ ਦਾ ਨੌਜਵਾਨ ਆਪਣੇ ਆਪ ਨੂੰ ਉਸ ਗਟਰ ਦੇ ਕੀੜੇ ਦੇ ਨਾਮ ਨਾਲ ਜੋੜ ਕੇ ਮਾਣ ਮਹਿਸੂਸ ਕਰ ਸਕਦਾ ਹੈ ? ਇਹ ਉਹ ਮਾਨਸਿਕ ਗੁਲਾਮੀ ਹੈ ਜਿਸ ਨੂੰ ਮਨ ਮਸਤਕ ਵਿੱਚੋਂ ਕੱਢਣਾ ਪਵੇਗਾ।ਪੰਜਾਬ ਦੀ ਧਰਤੀ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇੱਥੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾਨ ਦੀ ਧਾਰ 'ਚੋਂ ਇੱਕ ਐਸੀ ਕੌਮ ਤਿਆਰ ਕੀਤੀ ਸੀ ਜੋ ਗੁਲਾਮੀ ਨੂੰ ਕਦੇ ਕਬੂਲ ਨਾ ਕਰੇ। ਉਹਨਾਂ ਨੇ ਮੁਰਦਾ ਜ਼ਮੀਰਾਂ ਵਿੱਚ ਜਾਨ ਪਾਈ ਸੀ। ਡਰੇ ਹੋਏ ਗੀਦੀ ਲੋਕਾਂ ਨੂੰ ਸ਼ੇਰ ਬਣਾਇਆ ਸੀ। ਇਸ ਲਈ ਹੀ ਸਿੰਘ ਸਿਰਦਾਰ ਦਾ ਖਿਤਾਬ ਦਿੱਤਾ ਗਿਆ ਸੀ।ਸਿੰਘ ਦਾ ਅਰਥ ਹੀ ਆਜ਼ਾਦੀ, ਦਲੇਰੀ ਅਤੇ ਖੁਦਦਾਰੀ ਹੈ।ਗੁਰੂ ਸਾਹਿਬਾਨਾਂ ਨੇ ਬਾਜ਼ ਰੱਖ ਕੇ ਜਿੱਥੇ ਸਮੇਂ ਦੇ ਹਾਕਮ ਨੂੰ ਚੁਣੌਤੀ ਦਿੱਤੀ,ਓਥੇ ਆਪਣੇ ਸਿੱਖਾਂ ਨੂੰ ਵੀ ਬਾਜ਼ ਪਰਵਿਰਤੀ ਨਾਲ ਜਿਊਣ ਦੀ ਪ੍ਰੇਰਣਾ ਦਿੱਤੀ।ਕਿਉਂਕਿ ਬਾਜ ਕਦੇ ਗੁਲਾਮ ਨਹੀਂ ਰਹਿੰਦਾ। ਬਾਜ਼ ਪਿੰਜਰੇ ਵਿੱਚ ਬੰਦ ਹੋ ਕੇ ਜਿਊਣ ਨਾਲੋਂ ਮਰਨਾ ਬਿਹਤਰ ਸਮਝਦਾ ਹੈ। ਬਾਜ ਆਪਣੀ ਉਡਾਣ ਲਈ ਜਾਣਿਆ ਜਾਂਦਾ ਹੈ, ਆਪਣੀ ਖੁਦਮੁਖਤਿਆਰੀ ਲਈ ਜਾਣਿਆ ਜਾਂਦਾ ਹੈ।ਪਰ ਅੱਜ ਭਾਰਤ ਦੇ ਨਾਲ ਪੰਜਾਬ ਦੇ ਨੌਜਵਾਨਾਂ ਅੰਦਰ ਵੀ ਕਾਕਰੋਚ ਬਣਨ ਵਾਲੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਉਹਨਾਂ ਨੂੰ ਇਹ ਸਮਝਾਇਆ ਜਾ ਰਿਹਾ ਹੈ ਕਿ ਆਪਣੀ ਬੇਇੱਜ਼ਤੀ ਨੂੰ ਵੀ ਮਾਣ ਸਮਝੋ। ਗਾਲ੍ਹ ਨੂੰ ਆਪਣੀ ਪਛਾਣ ਬਣਾਓ।ਇਹ ਇੱਕ ਬਹੁਤ ਗਹਿਰਾ ਮਨੋਵਿਗਿਆਨਿਕ ਹਮਲਾ ਹੈ।ਇਹ ਉਹੀ ਨੀਤੀ ਹੈ ਜਿਸ ਰਾਹੀਂ ਪਹਿਲਾਂ ਲੋਕਾਂ ਦੀ ਸੋਚ ਨੂੰ ਬਦਲਿਆ ਜਾਂਦਾ ਹੈ, ਫਿਰ ਉਹਨਾਂ ਦੀ ਰਾਜਨੀਤਿਕ ਦਿਸ਼ਾ ਅਤੇ ਦਸ਼ਾ ਨੂੰ।ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਥੇ ਇੱਕ ਝੂਠ ਨੂੰ ਵੀ ਹਜ਼ਾਰ ਵਾਰ ਦੂਹਰਾ ਕੇ ਸੱਚ ਬਣਾ ਦਿੱਤਾ ਜਾਂਦਾ ਹੈ। ਕੀ ਇਹ ਨੌਜਵਾਨਾਂ ਦੀ ਨਿਰਾਸ਼ਾ ਨੂੰ ਵਰਤ ਕੇ ਇੱਕ ਹੋਰ ਰਾਜਨੀਤਿਕ ਪ੍ਰਯੋਗ ਕੀਤਾ ਜਾ ਰਿਹਾ ਹੈ ? ਕੀ ਇਹ ਪਾਰਟੀ ਸੱਤਾ ਵਿੱਚ ਆ ਕੇ ਵਾਕਈ ਕੋਈ ਨਵਾਂ ਪ੍ਰਬੰਧ ਦੇਵੇਗੀ ਜਾਂ ਫਿਰ ਉਹੀ ਪੁਰਾਣਾ ਢਾਂਚਾ ਨਵੇਂ ਚਿਹਰਿਆਂ ਨਾਲ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ਅਤੇ ਲੋਕ ਇੱਕ ਵਾਰ ਫਿਰ ਠੱਗੇ ਜਾਣਗੇ।ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਪੰਜਾਬ ਪਹਿਲਾਂ ਹੀ ਕਈ ਰਾਜਨੀਤਿਕ ਪ੍ਰਯੋਗਾਂ ਦੀ ਮਾਰ ਝੱਲ ਚੁੱਕਿਆ ਹੈ।ਕਦੇ ਨਸ਼ਿਆਂ ਅਤੇ ਪੈਸੇ ਦੀ ਰਾਜਨੀਤੀ ਨਾਲ ਨੌਜਵਾਨੀ ਨੂੰ ਤਬਾਹ ਕੀਤਾ ਗਿਆ। ਕਦੇ ਬਦਲਾਅ ਦੇ ਲਾਰੇ ਤੇ ਨਾਅਰੇ ਦੀ ਦੰਭੀ ਰਾਜਨੀਤੀ ਲੋਕ ਭਾਵਨਾਵਾਂ ਨਾਲ ਖੇਡਣ ਵਿੱਚ ਸਫਲ ਹੋ ਜਾਂਦੀ ਹੈ। ਹਰ ਵਾਰੀ ਪੰਜਾਬ ਨੇ ਵਿਸ਼ਵਾਸ ਕੀਤਾ ਅਤੇ ਹਰ ਵਾਰੀ ਪੰਜਾਬ ਨੂੰ ਧੋਖਾ ਮਿਲਿਆ।ਇਸ ਲਈ ਹੁਣ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਨੌਜਵਾਨੀ ਨੂੰ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ।ਕਿਸੇ ਵੀ ਪਾਰਟੀ ਦਾ ਮੈਨੀਫੈਸਟੋ ਪੜ੍ਹ ਕੇ ਉਸ ਦੇ ਪਿੱਛੇ ਅੱਖਾਂ ਬੰਦ ਕਰਕੇ ਲੱਗ ਜਾਣਾ ਸਿਆਣਪ ਨਹੀਂ ਹੁੰਦੀ। ਸਿਆਣਪ ਇਹ ਹੁੰਦੀ ਹੈ ਕਿ ਪਹਿਲਾਂ ਉਸ ਪਾਰਟੀ ਦੇ ਪਿੱਛੇ ਖੜ੍ਹੀਆਂ ਤਾਕਤਾਂ ਨੂੰ ਸਮਝਿਆ ਜਾਵੇ। ਉਸ ਦੀ ਫੰਡਿੰਗ ਨੂੰ ਸਮਝਿਆ ਜਾਵੇ। ਉਸ ਦੇ ਏਜੰਡੇ ਨੂੰ ਸਮਝਿਆ ਜਾਵੇ।ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਬਹੁਤ ਵੱਡੇ ਰਾਜਨੀਤਿਕ ਖੇਡ ਖੇਡੇ ਗਏ ਹਨ।ਪੰਜਾਬ ਲਈ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਇੱਥੋਂ ਦੀ ਨੌਜਵਾਨੀ ਪਹਿਲਾਂ ਹੀ ਬੇਰੁਜ਼ਗਾਰੀ, ਨਸ਼ਿਆਂ, ਮਾਈਗ੍ਰੇਸ਼ਨ ਅਤੇ ਮਾਨਸਿਕ ਤਣਾਅ ਨਾਲ ਜੂਝ ਰਹੀ ਹੈ। ਐਸੇ ਮਾਹੌਲ ਵਿੱਚ ਜੇਕਰ ਕੋਈ ਨਵੀਂ ਲਹਿਰ ਉਹਨਾਂ ਨੂੰ ਬਗਾਵਤ ਦੇ ਨਾਮ 'ਤੇ ਆਪਣੇ ਨਾਲ ਜੋੜਦੀ ਹੈ ਤਾਂ ਨੌਜਵਾਨ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਸਕਦੇ ਹਨ।ਪਰ ਬਗਾਵਤ ਅਤੇ ਭਟਕਾਵੇ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੈ।ਗੁਰੂ ਸਾਹਿਬਾਨਾਂ ਨੇ ਵੀ ਜ਼ੁਲਮ ਦੇ ਖਿਲਾਫ਼ ਬਗਾਵਤ ਕਰਨ ਦੀ ਤਾਕੀਦ ਕੀਤੀ ਸੀ,ਉਹ ਬਗਾਵਤ ਇਨਸਾਨੀ ਅਜ਼ਾਦੀ ਲਈ ਸੀ,ਉਹ ਖੁਦਦਾਰੀ ਲਈ ਸੀ।ਪਰ ਜੇਕਰ ਕੋਈ ਭਾਵਨਾਤਮਕ ਲਹਿਰ ਤੁਹਾਡੀ ਪਛਾਣ ਹੀ ਇੱਕ ਗੰਦੇ ਕੀੜੇ ਨਾਲ ਜੋੜ ਕੇ ਕਰਦੀ ਹੋਵੇ,ਤਾਂ ਫਿਰ ਜ਼ਰੂਰ ਇਹ ਸੋਚਣ ਦੀ ਲੋੜ ਹੈ ਕਿ ਤੁਹਾਨੂੰ ਮਾਨਸਿਕ ਤੌਰ 'ਤੇ ਹੋਰ ਹੇਠਾਂ ਕਿਉਂ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ ਨੂੰ ਯਾਦ ਰੱਖਣਾ ਪਵੇਗਾ ਕਿ ਉਹ ਗੁਰੂਆਂ ਦੇ ਵਾਰਸ ਹਨ।ਉਹ ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਅਤੇ ਨਲੂਏ,ਰਣਜੀਤ ਦੀ ਖਾਲਸਾਈ ਜਾਹੋ ਜਲਾਲ ਨਾਲ ਲਬਰੇਜ ਧਰਤੀ ਦੇ ਪੁੱਤਰ ਹਨ।ਉਹਨਾਂ ਦੀ ਪਛਾਣ ਸਿੰਘ, ਸਿਰਦਾਰ ਅਤੇ ਬਾਜ ਹੈ, ਕਾਕਰੋਚ ਬਿਲਕੁਲ ਵੀ ਨਹੀਂ।ਅੱਜ ਲੋੜ ਇਸ ਗੱਲ ਦੀ ਨਹੀਂ ਕਿ ਹਰ ਨਵੀਂ ਪਾਰਟੀ ਦੇ ਪਿੱਛੇ ਭੇਡਾਂ ਵਾਂਗ ਦੌੜਿਆ ਜਾਵੇ। ਲੋੜ ਇਸ ਗੱਲ ਦੀ ਹੈ ਕਿ ਹਰ ਨਵੀਂ ਲਹਿਰ ਦੇ ਪਿੱਛੇ ਕੰਮ ਕਰ ਰਹੀ ਰਾਜਨੀਤਿਕ ਇੰਜਨੀਅਰਿੰਗ ਨੂੰ ਸਮਝਿਆ ਜਾਵੇ।ਡੀਪ ਸਟੇਟ ਦੇ ਏਜੰਡੇ ਨੂੰ ਸਮਝਣ ਦੇ ਯਤਨ ਕੀਤੇ ਜਾਣ।ਕਿਉਂਕਿ ਜਿਹੜੀਆਂ ਕੌਮਾਂ ਸੋਚਣਾ ਛੱਡ ਦਿੰਦੀਆਂ ਹਨ, ਉਹ ਮਹਿਜ਼ ਭੀੜ ਬਣ ਕੇ ਰਹਿ ਜਾਂਦੀਆਂ ਹਨ।ਸੋ ਪੰਜਾਬ ਦੀ ਗੈਰਤਮੰਦ ਜੁਆਨੀ ਨੂੰ ਇਹ ਸੋਚਣਾ, ਸਮਝਣਾ ਪਵੇਗਾ ਕਿ ਉਹ ਕਾਕਰੋਚ ਨਹੀ, ਉਹ ਤਾਂ ਸਿੰਘ ਹਨ,ਬਾਜ ਹਨ, ਗੁਰੂ ਗੋਬਿੰਦ ਸਿੰਘ ਦੇ ਉਹ ਨਾਦੀ ਸ਼ੇਰ ਪੁੱਤਰ ਹਨ,ਜਿਹੜੇ ਹਿੰਦੂ ਰਾਜਿਆਂ ਅਤੇ ਮੁਗਲਾਂ ਦੀ ਸਾਂਝੀ ਦਸ ਲੱਖ ਫੌਜ ਤੇ ਭਾਰੂ ਪੈ ਗਏ ਸਨ, ਜਿਨ੍ਹਾਂ ਨੇ ਕਦੇ ਅਫਗਾਨੀਆਂ, ਇਰਾਨੀਆਂ ਦੇ ਰਾਹ ਰੋਕੇ ਸਨ, ਜਿਨ੍ਹਾਂ ਨੇ ਰੂਸ,ਬਰਤਾਨੀਆਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਚੜ੍ਹਕੇ ਆਏ, ਟੈਂਕਾਂ ਤੋਪਾਂ ਸਮੇਤ ਰਸਾਇਣਕ ਹਥਿਆਰਾਂ ਨਾਲ ਲੈਸ ਭਾਰਤੀ ਫੌਜਾਂ ਦੇ ਮੂੰਹ ਮੋੜ ਦਿੱਤੇ ਸਨ।ਸੋ ਪੰਜਾਬ ਵੱਲ ਕਹਿਰੀ ਅੱਖ ਨਾਲ ਦੇਖਣ ਵਾਲਿਆਂ ਦਾ ਰਾਹ ਰੋਕਣ ਵਾਲੀ ਪੰਜਾਬ ਦੀ ਜੁਆਨੀ ਜੇਕਰ ਦੁਬਾਰਾ ਫਿਰ ਗੁੰਮਰਾਹ ਹੋ ਕੇ ਕੁਰਾਹੇ ਪੈ ਗਈ, ਤਾਂ ਪੰਜਾਬ ਇੱਕ ਵਾਰ ਫਿਰ ਕਿਸੇ ਨਵੇਂ ਰਾਜਨੀਤਿਕ ਪ੍ਰਯੋਗ ਦੀ ਲੈਬ ਬਣ ਕੇ ਰਹਿ ਜਾਵੇਗਾ।ਪੰਜਾਬ ਨੂੰ ਕਾਕਰੋਚ ਬਣਨ ਦੀ ਬਜਾਏ ਆਪਣੀ ਰਾਜਨੀਤਕ ਤਾਕਤ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ,ਇਸ ਸੋਚ 'ਤੇ ਪਹਿਰਾ ਦਿੱਤੇ ਤੋਂ ਬਗੈਰ ਪੰਜਾਬ ਦਾ ਭਲਾ ਸੰਭਵ ਨਹੀਂ ਹੈ।

# ਯੂ.ਪੀ.ਐਸ.ਸੀ. ਪ੍ਰੀਖਿਆ ਦੇ ਸੁਚਾਰੂ ਸੰਚਾਲਨ ਲਈ ਧਾਰਾ 163 ਕੀਤੀ ਲਾਗੂ



ਲੁਧਿਆਣਾ, 23 ਮਈ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਮੈਜਿਸਟ੍ਰੇਟ ਹਿਮਾਂਸ਼ੂ ਜੈਨ ਨੇ 24 ਮਈ ਨੂੰ ਹੋਣ ਵਾਲੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ) ਸਿਵਲ ਸੇਵਾਵਾਂ ਪ੍ਰੀਖਿਆ-2026 ਦੇ ਸੁਚਾਰੂ ਅਤੇ ਸ਼ਾਂਤੀਪੂਰਨ ਸੰਚਾਲਨ ਲਈ ਪ੍ਰੀਖਿਆ ਕੇਂਦਰਾਂ ਦੇ ਅੰਦਰ ਅਤੇ ਆਲੇ-ਦੁਆਲੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ), 2023 ਦੀ ਧਾਰਾ 163 ਦੇ ਤਹਿਤ ਮਨਾਹੀ ਦੇ ਹੁਕਮ ਲਾਗੂ ਕੀਤੇ ਹਨ। ਇਹ ਹੁਕਮ 24 ਮਈ ਨੂੰ ਰਾਤ 12 ਵਜੇ ਤੋਂ ਰਾਤ 8 ਵਜੇ ਤੱਕ ਨਿਰਧਾਰਤ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਚਾਰ ਜਾਂ ਚਾਰ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਹਾਲਾਂਕਿ, ਇਹ ਪਾਬੰਦੀ ਹੁਕਮ ਪ੍ਰੀਖਿਆ ਵਿੱਚ ਸ਼ਾਮਲ ਹੋਣ ਵਾਲੇ ਉਮੀਦਵਾਰਾਂ, ਅਧਿਕਾਰਤ ਨਿਗਰਾਨਾਂ ਅਤੇ ਪ੍ਰੀਖਿਆ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ 'ਤੇ ਲਾਗੂ ਨਹੀਂ ਹੋਣਗੀਆਂ। ਆਦੇਸ਼ ਜਾਰੀ ਕਰਦੇ ਹੋਏ ਜ਼ਿਲ੍ਹਾ ਮੈਜਿਸਟ੍ਰੇਟ ਹਿਮਾਂਸ਼ੂ ਜੈਨ ਨੇ ਕਿਹਾ ਕਿ ਇਹ ਕਦਮ ਗੈਰ-ਕਾਨੂੰਨੀ ਇਕੱਠ, ਅਨੁਚਿਤ ਅਭਿਆਸਾਂ, ਜਨਤਕ ਪਰੇਸ਼ਾਨੀ ਜਾਂ ਕਿਸੇ ਵੀ ਗਤੀਵਿਧੀ ਨੂੰ ਰੋਕਣ ਲਈ ਚੁੱਕਿਆ ਗਿਆ ਹੈ ਜੋ ਪ੍ਰੀਖਿਆ ਦੇ ਸ਼ਾਂਤੀਪੂਰਨ ਸੰਚਾਲਨ ਨੂੰ ਵਿਗਾੜ ਸਕਦੀ ਹੈ ਜਾਂ ਇਸਦੀ ਇਮਾਨਦਾਰੀ ਨਾਲ ਸਮਝੌਤਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਇਸ ਵੱਕਾਰੀ ਪ੍ਰੀਖਿਆ ਦੇ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਨਿਰਧਾਰਤ ਪ੍ਰੀਖਿਆ ਕੇਂਦਰਾਂ ਵਿੱਚ ਡੀ.ਸੀ.ਐਮ ਪ੍ਰੈਜ਼ੀਡੈਂਸੀ ਸਕੂਲ, ਅਰਬਨ ਅਸਟੇਟ-999, ਜਮਾਲਪੁਰ ਕਲੋਨੀ, ਚੰਡੀਗੜ੍ਹ ਰੋਡ ਲੁਧਿਆਣਾ, ਐਮ.ਜੀ.ਐਮ ਪਬਲਿਕ ਸਕੂਲ, ਅਰਬਨ ਅਸਟੇਟ ਫੇਜ਼-1, ਦੁੱਗਰੀ ਲੁਧਿਆਣਾ, ਭਾਰਤੀ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ, ਕਿਚਲੂ ਨਗਰ ਲੁਧਿਆਣਾ, ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ, ਮਾਡਲ ਟਾਊਨ ਲੁਧਿਆਣਾ ਅਤੇ ਸਰਕਾਰੀ ਕਾਲਜ ਫਾਰ ਗਰਲਜ਼, ਰੱਖ ਬਾਗ, ਭਾਰਤ ਨਗਰ ਚੌਕ, ਲੁਧਿਆਣਾ ਸ਼ਾਮਲ ਹਨ। ਵਾਧੂ ਪ੍ਰੀਖਿਆ ਸਥਾਨਾਂ ਵਿੱਚ ਐਸ.ਸੀ.ਡੀ ਸਰਕਾਰੀ ਕਾਲਜ, ਸਿਵਲ ਲਾਈਨਜ਼, ਇਸਦੀ ਪੁਰਾਣੀ ਇਮਾਰਤ (ਬਲਾਕ-ਏ), ਪੀ.ਟੀ.ਏ ਬਿਲਡਿੰਗ (ਬਲਾਕ-ਬੀ) ਅਤੇ ਪੀ.ਜੀ ਬਿਲਡਿੰਗ (ਬਲਾਕ-ਸੀ), ਐਸ.ਡੀ.ਪੀ ਕਾਲਜ ਫਾਰ ਵੂਮੈਨ, ਦਰੇਸੀ ਰੋਡ, ਖਾਲਸਾ ਕਾਲਜ ਫਾਰ ਵੂਮੈਨ, ਸਿਵਲ ਲਾਈਨਜ਼, ਸਰਕਾਰੀ ਕਾਲਜ ਫਾਰ ਗਰਲਜ਼, ਰੱਖ ਬਾਗ (ਸਬ-ਸੈਂਟਰ ਏ), ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਬਸੰਤ ਸਿਟੀ, ਸਕੂਲ ਆਫ਼ ਐਮੀਨੈਂਸ, ਮਾਡਲ ਟਾਊਨ ਅਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ (ਐਮ.ਬੀ.ਏ ਬਲਾਕ), ਗਿੱਲ ਪਾਰਕ, ਗਿੱਲ ਰੋਡ, ਲੁਧਿਆਣਾ ਸ਼ਾਮਲ ਹਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਅਤੇ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਹੁਕਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਕਰਵਾਇਆ



ਲੁਧਿਆਣਾ, 23 ਮਈ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁੱਖਾਂ ਦੀ ਮਣੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਸ੍ਰ: ਕਰਨੈਲ ਸਿੰਘ ਨੇ ਗੁਰੂ ਤੇਗ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਮਨਜੀਤ ਸਿੰਘ ਗਿੱਲ ਮੀਤ ਪ੍ਰਧਾਨ, ਜਰਨੈਲ ਸਿੰਘ ਸੈਣੀ ਮੀਤ ਪ੍ਰਧਾਨ, ਸੁਰਜੀਤ ਸਿੰਘ ਖੁਰਾਣਾ ਖਜ਼ਾਨਚੀ, ਸ੍ਰ: ਸੁਰਿੰਦਰ ਸਿੰਘ, ਸ੍ਰ: ਪਲਵਿੰਦਰ ਸਿੰਘ, ਸ੍ਰ: ਰਣਜੀਤ ਸਿੰਘ, ਸ੍ਰ: ਸਵਰਨ ਸਿੰਘ, ਸ੍ਰ: ਜੋਗਿੰਦਰ ਸਿੰਘ, ਸ੍ਰ: ਹਰਦੇਵ ਸਿੰਘ, ਸ੍ਰ: ਤਲਵਿੰਦਰ ਸਿੰਘ, ਸ੍ਰ: ਤਜਿੰਦਰ ਸਿੰਘ, ਸ੍ਰ: ਜਤਿੰਦਰ ਸਿੰਘ, ਸ੍ਰ: ਨਿਰਮਲ ਸਿੰਘ, ਸ੍ਰ: ਸਤਿੰਦਰਪਾਲ ਸਿੰਘ ਖੰਨਾ, ਸ੍ਰ: ਨਿਰਮਲ ਸਿੰਘ ਸੈਣੀ, ਹੈਪੀ ਗਲਹੋਤਰਾ, ਸ੍ਰ: ਅਵਤਾਰ ਸਿੰਘ ਕੈਂਥ ਅਤੇ ਮਾਸਟਰ ਗੁਰਮੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸ਼ੁਭਮ ਵਧਵਾ ਨੇ ਆਈ.ਟੀ.ਟੀ. ਪੈਰਾ ਏਲੀਟ 'ਚ ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤੇ



ਲੁਧਿਆਣਾ, 23 ਮਈ (ਵਿਸ਼ਾਲ ਸ਼ਰਮਾ): ਲੁਧਿਆਣਾ ਦੇ ਅੰਤਰਰਾਸ਼ਟਰੀ ਪੈਰਾ ਟੇਬਲ ਟੈਨਿਸ ਖਿਡਾਰੀ ਸ਼ੁਭਮ ਵਧਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਹੋਰਾਂ ਦਾ ਸਪਾਂਸਰਸ਼ਿਪ ਕਰਨ ਲਈ ਦਿਲੋਂ ਧੰਨਵਾਦ ਕੀਤਾ।ਜਿਸ ਕਰਕੇ ਆਈ.ਟੀ.ਟੀ.ਐਫ ਵਰਲਡ ਪੈਰਾ ਏਲੀਟ ਤਾਈਪੇਈ ਸਿਟੀ 2026 ਵਿੱਚ ਮਿਕਸਡ ਡਬਲਜ਼ ਵਿੱਚ ਚਾਂਦੀ ਦਾ ਤਗਮਾ ਅਤੇ ਪੁਰਸ਼ ਸਿੰਗਲਜ਼ (ਕਲਾਸ 3) ਵਿੱਚ ਕਾਂਸੀ ਦਾ ਤਗਮਾ ਜਿੱਤਣ ਵਿੱਚ ਉਸਦੀ ਹਾਲੀਆ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 10 ਵਾਰ ਦੇ ਰਾਸ਼ਟਰੀ ਗੋਲਡ ਮੈਡਲਿਸਟ ਸ਼ੁਭਮ ਵਾਧਵਾ ਨੇ 17 ਅੰਤਰਰਾਸ਼ਟਰੀ ਮੈਡਲ ਆਪਣੇ ਨਾਮ ਕੀਤੇ ਹਨ। ਇਸ ਸਮੇਂ ਮਿਕਸਡ ਡਬਲਜ਼ ਵਿੱਚ ਵਿਸ਼ਵ ਨੰਬਰ 11 ਅਤੇ ਏਸ਼ੀਆਈ ਨੰਬਰ 4 'ਤੇ ਹਨ। ਟੇਬਲ ਟੈਨਿਸ ਖਿਡਾਰੀ ਸ਼ੁਭਮ ਵਾਧਵਾ ਨੇ ਕਿਹਾ, ਮੈਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਸਹਾਇਕ ਕਮਿਸ਼ਨਰ ਪਾਇਲ ਗੋਇਲ, ਪ੍ਰਾਈਮ ਸਟੀਲ ਪ੍ਰੋਸੈਸਰ ਤੋਂ ਦੇਵਾਕਰ ਜੈਨ, ਐਕਟ ਹਿਊਮਨ ਫਾਊਂਡੇਸ਼ਨ ਤੋਂ ਹਰਲੀਨ ਕੌਰ ਅਤੇ ਸਕੱਤਰ ਰੈੱਡ ਕਰਾਸ ਸੋਸਾਇਟੀ ਨਵਨੀਤ ਜੋਸ਼ੀ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਤਹਿ ਦਿਲੋਂ ਧੰਨਵਾਦੀ ਹਾਂ। ਇਸ ਉਤਸ਼ਾਹ ਨੇ ਮੈਨੂੰ ਸਪੋਨ ਵਿੱਚ ਉੱਚ ਪੱਧਰ 'ਤੇ ਮੁਕਾਬਲਾ ਕਰਨ ਲਈ ਵਿਸ਼ਵਾਸ ਅਤੇ ਸਰੋਤ ਦਿੱਤੇ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਸਮਰਥਨ ਨੇ ਏਸ਼ੀਆਈ ਖੇਡਾਂ ਅਤੇ ਥਾਈਲੈਂਡ ਵਿੱਚ ਵਿਸ਼ਵ ਚੈਂਪੀਅਨਸ਼ਿਪ ਸਮੇਤ ਆਉਣ ਵਾਲੇ ਵੱਡੇ ਸਮਾਗਮਾਂ ਤੋਂ ਪਹਿਲਾਂ ਉਸ ਦੇ ਇਰਾਦੇ ਨੂੰ ਮਜ਼ਬੂਤ ਕੀਤਾ ਹੈ।

# ਏ.ਡੀ.ਸੀ. ਨੇ ਮਾਲ ਅਧਿਕਾਰੀਆਂ ਨੂੰ ਪੈਂਡੈਂਸੀ ਖ਼ਤਮ ਕਰਨ ਦੇ ਦਿੱਤੇ ਹੁਕਮ



ਲੁਧਿਆਣਾ, 23 ਮਈ (ਵਿਸ਼ਾਲ ਸ਼ਰਮਾ): ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਮਾਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਤੁਰੰਤ ਸੇਵਾ ਪ੍ਰਦਾਨ ਕਰਨ ਨੂੰ ਤਰਜੀਹ ਦੇਣ ਅਤੇ ਨਾਲ ਹੀ ਸਾਰੇ ਲੰਬਿਤ ਮਾਮਲਿਆਂ ਦਾ ਨਿਪਟਾਰਾ ਯਕੀਨੀ ਬਣਾਉਣ। ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਵਿੱਚ ਮਾਲ ਨਾਲ ਸਬੰਧਤ ਮਾਮਲਿਆਂ ਅਤੇ ਮਾਲ ਸੇਵਾਵਾਂ ਦੇ ਕੰਮਕਾਜ ਦੀ ਸਮੀਖਿਆ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਇੰਤਕਾਲ, ਰਿਕਾਰਡਾਂ ਦੇ ਡਿਜੀਟਾਈਜ਼ੇਸ਼ਨ, ਮੁਸਾਵਿਆਂ, ਸਵਾਮਿਤਵਾ ਅਰਜ਼ੀਆਂ ਦੀ ਪ੍ਰਗਤੀ, ਹੱਦਬੰਦੀ ਦੇ ਕੇਸ, ਡਿਫਾਲਟਰਾਂ ਤੋਂ ਬਕਾਇਆ ਦੀ ਵਸੂਲੀ, ਅਦਾਲਤੀ ਕੇਸਾਂ ਅਤੇ ਹੋਰ ਸਬੰਧਤ ਮਾਮਲਿਆਂ ਦਾ ਜਾਇਜ਼ਾ ਲਿਆ। ਪੂਨਮ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਨੂੰ ਅਸੁਵਿਧਾ ਤੋਂ ਬਚਣ ਲਈ ਅਰਜ਼ੀਆਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਾਲ ਸੇਵਾਵਾਂ ਵਿੱਚ ਕੋਈ ਵੀ ਪੈਂਡੈਂਸੀ ਨਹੀਂ ਹੋਣੀ ਚਾਹੀਦੀ ਅਤੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਬਹੁਤ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨਾਲ ਹੱਲ ਕਰਨ ਲਈ ਸਰਗਰਮ ਰਹਿਣਾ ਚਾਹੀਦਾ ਹੈ। ਲੋਕਾਂ ਦੀ ਸੰਤੁਸ਼ਟੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਪੂਨਮ ਸਿੰਘ ਨੇ ਕਿਹਾ ਕਿ ਸਰਕਾਰੀ ਦਫਤਰਾਂ ਵਿੱਚ ਆਉਣ ਵਾਲੇ ਨਾਗਰਿਕਾਂ ਨੂੰ ਮੁਸ਼ਕਲ ਰਹਿਤ ਸੇਵਾਵਾਂ ਅਤੇ ਉਨ੍ਹਾਂ ਦੇ ਮੁੱਦਿਆਂ ਦਾ ਸਮੇਂ ਸਿਰ ਹੱਲ ਮਿਲਣਾ ਚਾਹੀਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨਤਕ ਚਿੰਤਾਵਾਂ ਨੂੰ ਪਹਿਲ ਦੇ ਆਧਾਰ 'ਤੇ ਦੇਖਣ ਅਤੇ ਹਰ ਪੱਧਰ 'ਤੇ ਪਾਰਦਰਸ਼ੀ, ਕੁਸ਼ਲ ਅਤੇ ਨਾਗਰਿਕ ਅਨੁਕੂਲ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਉਹ ਇੰਤਕਾਲਾਂ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਅਤੇ ਜਨਤਕ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਵਿਆਪਕ ਵਿਧੀ ਸਥਾਪਤ ਕਰਨ ਲਈ ਰੋਜ਼ਾਨਾ ਅਧਾਰ 'ਤੇ ਲੰਬਿਤ ਮਾਮਲਿਆਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨਗੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਫਰਜ਼ ਇਮਾਨਦਾਰੀ ਅਤੇ ਕੁਸ਼ਲਤਾ ਨਾਲ ਨਿਭਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਤਹਿਸੀਲਾਂ ਵਿੱਚ ਲੋਕਾਂ ਦੀਆਂ ਰੋਜ਼ਾਨਾ ਪ੍ਰਸ਼ਾਸਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ।

# ਬਾਬਾ ਲਖਵੀਰ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ ਅਖੰਡ ਪਾਠ ਸਾਹਿਬ ਹੋਇਆ ਆਰੰਭ : ਬਾਬਾ ਦੀਪਕ ਸਿੰਘ



ਲੁਧਿਆਣਾ, 23 ਮਈ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸਾਹਿਬ ਵੱਡਾ ਡੇਰਾ ਨਿਰਮਲਾ ਆਸ਼ਰਮ ਦੇ ਮੁਖੀ ਸੰਤ ਬਾਬਾ ਦੀਪਕ ਸਿੰਘ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਬਰਸੀ ਤੇ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ ਸਾਲਾਨਾ ਮਹਾਨ ਤਿੰਨ ਦਿਨਾਂ ਗੁਰਮਤਿ ਸਮਾਗਮ ਅਤੇ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਸਾਹਿਬ ਵੱਡਾ ਡੇਰਾ ਨਿਰਮਲਾ ਆਸ਼ਰਮ ਪਿੰਡ, ਦਾਦੂਰ, ਜ਼ਿਲ੍ਹਾ ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਆਰੰਭ ਹੋਇਆ। ਬਾਬਾ ਦੀਪਕ ਸਿੰਘ ਨੇ ਦੱਸਿਆ ਕਿ ਅੱਜ ਸ਼੍ਰੀ ਅਖੰਡ ਪਾਠ ਆਰੰਭ ਹੋਏ ਜਿਸ ਦੇ ਭੋਗ 25 ਮਈ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ, ਢਾਡੀ, ਕਵੀਸ਼ਰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਸਾਬਕਾ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਪੰਥ ਦੀਆਂ ਹੋਰ ਮਹਾਨ ਸ਼ਖ਼ਸੀਅਤਾਂ ਵੀ ਪਹੁੰਚ ਰਹੀਆਂ ਹਨ।

# ਪੰਜ ਫੁੱਟ ਤੱਕ ਪੁਟੀ ਉਪਜਾਊ ਜ਼ਮੀਨ, ਮਾਈਨਿੰਗ ਵਿਭਾਗ 'ਤੇ ਮਿਲੀਭੁਗਤ ਦੇ ਗੰਭੀਰ ਦੋਸ਼



ਸਾਹਨੇਵਾਲ/ਕੁਹਾੜਾ, 23 ਮਈ (ਕੁਲਦੀਪ ਸਿੰਘ ਕੁਹਾੜਾ) : ਪੁਲਿਸ ਥਾਣਾ ਕੂੰਮਕਲਾਂ ਦੀ ਪੁਲਿਸ ਚੌਂਕੀ ਕਟਾਣੀ ਕਲਾਂ ਅਧੀਨ ਪੈਂਦੇ ਪਿੰਡ ਸੂਦਾਂਵਾਲ ਦੇ ਛੱਪੜ ਕਿਨਾਰੇ ਸਥਿਤ ਖੇਤੀਬਾੜੀ ਜ਼ਮੀਨ ਵਿੱਚ ਵੱਡੇ ਪੱਧਰ 'ਤੇ ਨਜਾਇਜ਼ ਮਾਈਨਿੰਗ ਹੋਣ ਦਾ ਸੰਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਦੋਸ਼ ਹਨ ਕਿ ਮਿੱਟੀ ਮਾਫੀਆ ਨੇ ਮਾਈਨਿੰਗ ਵਿਭਾਗ ਦੀ ਕਥਿਤ ਮਿਲੀਭੁਗਤ ਨਾਲ ਉਪਜਾਊ ਜ਼ਮੀਨ ਵਿੱਚੋਂ ਪੰਜ-ਪੰਜ ਫੁੱਟ ਤੱਕ ਮਿੱਟੀ ਪੁੱਟ ਕੇ ਲੱਖਾਂ ਰੁਪਏ ਵਿੱਚ ਵੇਚ ਦਿੱਤੀ, ਜਿਸ ਨਾਲ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਭੈਰੋਮੂੰਨਾਂ ਨਾਲ ਸੰਬੰਧਿਤ ਕੁਝ ਵਿਅਕਤੀਆਂ ਵੱਲੋਂ ਸਾਂਝੇ ਖਾਤੇ ਵਾਲੀ ਜ਼ਮੀਨ ਵਿੱਚ ਬਿਨਾਂ ਕਿਸੇ ਕਾਨੂੰਨੀ ਮਨਜ਼ੂਰੀ ਦੇ ਜੇਸੀਬੀ ਅਤੇ ਟਿਪਰਾਂ ਰਾਹੀਂ ਡੂੰਘੀ ਖੁਦਾਈ ਕੀਤੀ ਗਈ। ਇਹ ਜ਼ਮੀਨ ਇੱਕ ਲੜਕੀ ਨੂੰ ਆਪਣੇ ਮਾਤਾ-ਪਿਤਾ ਦੇ ਦਿਹਾਂਤ ਤੋਂ ਬਾਅਦ ਵਿਰਾਸਤ ਵਿੱਚ ਮਿਲੀ ਸੀ, ਪਰ ਉਸਦੀ ਗੈਰਹਾਜ਼ਰੀ ਅਤੇ ਅਣਜਾਣਤਾ ਦਾ ਫਾਇਦਾ ਚੁੱਕਦਿਆਂ ਕਥਿਤ ਤੌਰ 'ਤੇ ਮਿੱਟੀ ਮਾਫੀਆ ਨੇ ਖੇਤਾਂ ਨੂੰ ਡੂੰਘੇ ਟੋਏ ਵਿੱਚ ਤਬਦੀਲ ਕਰ ਦਿੱਤਾ।

ਪੀੜਤ ਲੜਕੀ ਦੇ ਚਾਚਾ ਮਨਪ੍ਰੀਤ ਸਿੰਘ ਨੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਸੰਬੰਧਿਤ ਵਿਅਕਤੀਆਂ ਕੋਲ 12 ਕਨਾਲ ਜ਼ਮੀਨ ਠੇਕੇ 'ਤੇ ਸੀ, ਪਰ ਉਨ੍ਹਾਂ ਨੇ ਚੁੱਪਚਾਪ ਉਸ ਜ਼ਮੀਨ ਵਿੱਚੋਂ ਵੀ ਲੱਖਾਂ ਰੁਪਏ ਦੀ ਮਿੱਟੀ ਪੁੱਟ ਕੇ ਵੇਚ ਦਿੱਤੀ। ਉਨ੍ਹਾਂ ਕਿਹਾ ਕਿ ਜ਼ਮੀਨ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਹੁਣ ਉੱਥੇ ਖੇਤੀ ਕਰਨੀ ਵੀ ਮੁਸ਼ਕਲ ਬਣ ਗਈ ਹੈ।

ਪੀੜਤ ਪਰਿਵਾਰ ਨੇ ਦੋਸ਼ ਲਗਾਇਆ ਕਿ ਇਹ ਸਾਰਾ ਗੋਰਖ-ਧੰਦਾ ਮਾਈਨਿੰਗ ਵਿਭਾਗ ਦੀ ਕਥਿਤ ਸ਼ਹਿ 'ਤੇ ਚੱਲ ਰਿਹਾ ਸੀ, ਕਿਉਂਕਿ ਇੰਨੀ ਵੱਡੀ ਪੱਧਰ ਦੀ ਖੁਦਾਈ ਬਿਨਾਂ ਪ੍ਰਸ਼ਾਸਨਿਕ ਜਾਣਕਾਰੀ ਦੇ ਸੰਭਵ ਨਹੀਂ। ਪਰਿਵਾਰ ਨੇ ਮਾਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਨਜਾਇਜ਼ ਮਾਈਨਿੰਗ ਵਿੱਚ ਸ਼ਾਮਲ ਲੋਕਾਂ ਨਾਲ ਮਿਲੀਭੁਗਤ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ ਵੀ ਬਣਦੀ ਪ੍ਰਸਾਸਨਿਕ ਕਾਰਵਾਈ ਹੋਣੀ ਚਾਹੀਦੀ ਹੈ।

ਪੀੜਤ ਪਰਿਵਾਰ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਮਾਨਯੋਗ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।

ਕੀ ਕਹਿਣਾ ਮਾਈਨਿੰਗ ਵਿਭਾਗ ਦਾ - ਜਦੋ ਇਸ ਸਬੰਧੀ ਮਾਈਨਿੰਗ ਵਿਭਾਗ ਦੇ ਐਕਸੀਅਨ ਮਨਜੀਤ ਸਿੰਘ ਦੇ ਮੋਬਾਇਲ ਫੋਨ 'ਤੇ ਇਸ ਸਬੰਧੀ ਗੱਲ ਕਰਨੀ ਚਾਹੀ ਤਾਂ ਉਹਨਾਂ ਬਾਰ ਬਾਰ ਫੋਨ ਕਰਨ 'ਤੇ ਆਪਣਾ ਮੋਬਾਈਲ ਚੁੱਕਣਾ ਜਰੂਰੀ ਨਹੀਂ ਸਮਝਿਆ।

# ਹਲਕਾ ਦੱਖਣੀ ਤੋਂ 'ਆਪ' ਦੀ ਅੰਜਲੀ ਵਰਮਾ ਅਤੇ ਯੂਨਿਕ ਸਿੰਘ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ



ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਦਫ਼ਤਰ ਵਿੱਚ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ ਮੰਡਲ/ਸਰਕਲ ਪ੍ਰਧਾਨ ਗੁਰਵਿੰਦਰ ਸਿੰਘ ਵਿਕੀ ਅਤੇ ਮਹਾਮੰਤਰੀ ਹਰਜੋਤ ਸਿੰਘ ਕਿੱਟੀ ਦੇ ਯਤਨਾਂ ਨਾਲ ਹਲਕਾ ਦੱਖਣੀ ਦੀ ਆਮ ਆਦਮੀ ਪਾਰਟੀ ਦੀ ਨੇਤਰੀ ਅੰਜਲੀ ਵਰਮਾ ਅਤੇ ਯੂਨਿਕ ਸਿੰਘ ਆਪਣੇ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਏ। ਭਾਜਪਾ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਹਰਜਿੰਦਰ ਸਿੰਘ, ਕੁਲਵਿੰਦਰ ਕੌਰ, ਸੋਨੀਆ, ਇੰਦੂ ਬਾਲਾ, ਸਾਧੂ ਸਿੰਘ, ਨਿਰਮਲਾ ਦੇਵੀ, ਟਿੰਕੂ ਵਰਮਾ, ਤਰਨਜੀਤ, ਰਾਜ ਕੁਮਾਰ ਗਿਰੀ, ਮਨਜੀਤ ਸਿੰਘ, ਸੌਰਵ ਸਿੰਘ, ਚੰਦਰ ਸ਼ੇਖਰ ਗੋਸਵਾਮੀ, ਰਾਜੂ ਤਿਵਾਰੀ, ਨੀਟੂ ਬੱਗਾ, ਗੁਰਪ੍ਰੀਤ ਕੌਰ, ਕੁਲਜੀਤ ਕੌਰ, ਸੋਨੀਆ ਰਾਣੀ, ਗੁਰਜੀਤ ਕੌਰ, ਨਰਿੰਦਰ ਸਿੰਘ ਅਤੇ ਗੁਰਕਿਰਪਾਲ ਸਿੰਘ ਵੀ ਸ਼ਾਮਲ ਹਨ। ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਉਨ੍ਹਾਂ ਨੂੰ ਭਾਜਪਾ ਦਾ ਗਮਛਾ ਪਹਿਨਾ ਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ।

ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਡਾਕਟਰ ਨਿਰਮਲ ਨੈਅਰ, ਪਾਰਸ਼ਦ ਹੈਪੀ ਸ਼ੇਰਪੁਰੀਆ, ਸਰਦਾਰ ਮਨਮੀਤ ਸਿੰਘ ਚਾਵਲਾ ਆਦਿ ਮੌਜੂਦ ਰਹੇ।

# 'ਆਪ' ਦੇ ਰਾਜ ਵਿੱਚ ਨਗਰ ਨਿਗਮ ਵੀ ਬਣਿਆ ਘੁਟਾਲਿਆਂ ਦਾ ਕੇਂਦਰ : ਰਜਨੀਸ਼ ਧੀਮਾਨ



ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ): ਆਪ ਸਰਕਾਰ ਦੇ ਰਾਜ ਵਿੱਚ ਨਗਰ ਨਿਗਮ ਵੀ ਘੁਟਾਲਿਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਹਰ ਰੋਜ਼ ਕੋਈ ਨਾ ਕੋਈ ਘੁਟਾਲਾ ਨਗਰ ਨਿਗਮ ਦੇ ਕੰਮਕਾਜ 'ਤੇ ਸਵਾਲ ਖੜ੍ਹੇ ਕਰਦਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ 'ਆਪ' ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਕਿੰਨਾ ਭ੍ਰਿਸ਼ਟਾਚਾਰ ਮੁਕਤ ਕੀਤਾ ਹੈ। ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਨਗਰ ਨਿਗਮ ਦੇ ਸਰਕਾਰੀ ਵਾਹਨਾਂ ਵਿੱਚ ਤੇਲ ਦੀ ਖਪਤ ਘੁਟਾਲੇ ਨੂੰ ਲੈ ਕੇ 'ਆਪ' ਸਰਕਾਰ 'ਤੇ ਵਰ੍ਹਦਿਆਂ ਇਹ ਗੱਲ ਕਹੀ। ਧੀਮਾਨ ਨੇ ਕਿਹਾ ਕਿ 2020-21 ਤੱਕ ਨਗਰ ਨਿਗਮ ਦੇ 323 ਸਰਕਾਰੀ ਵਾਹਨਾਂ 'ਤੇ ਲੱਗਭੱਗ 9 ਕਰੋੜ ਰੁਪਏ ਦਾ ਸਾਲਾਨਾ ਤੇਲ ਖਰਚ ਹੋ ਰਿਹਾ ਸੀ। ਇਨ੍ਹਾਂ ਵਿੱਚ ਇਨੋਵਾ, ਬੋਲੇਰੋ, ਜੇਸੀਬੀ ਲੋਡਰ, ਜੇਸੀਬੀ ਮਸ਼ੀਨਾਂ, ਟਾਟਾ ਏਸ, ਟਿੱਪਰ, ਟਰੈਕਟਰ-ਟਰਾਲੀਆਂ, ਪੋਕਲੇਨ ਮਸ਼ੀਨਾਂ ਅਤੇ ਜੈਟਿੰਗ ਮਸ਼ੀਨਾਂ ਸ਼ਾਮਲ ਸਨ। ਹਾਲਾਂਕਿ, ਚਾਰ ਤੋਂ ਪੰਜ ਸਾਲ ਬਾਅਦ, ਵਾਹਨਾਂ ਦੀ ਗਿਣਤੀ ਲਗਭਗ ਉਹੀ ਰਹਿੰਦੀ ਹੈ, ਪਰ ਬਾਲਣ ਖਰਚਾ ਕਈ ਕਰੋੜ ਤੱਕ ਵਧ ਗਿਆ ਹੈ। ਇਹ ਸਿੱਧੇ ਤੌਰ 'ਤੇ 'ਆਪ' ਸਰਕਾਰ ਦੇ ਵਿਧਾਇਕਾਂ ਅਤੇ ਨਗਰ ਨਿਗਮ ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਧੀਮਾਨ ਨੇ ਕਿਹਾ ਕਿ 2021 ਵਿੱਚ, ਪੈਟਰੋਲ ਦੀ ਕੀਮਤ ?90.82 ਪ੍ਰਤੀ ਲੀਟਰ ਅਤੇ ਡੀਜ਼ਲ ?81.79 ਪ੍ਰਤੀ ਲੀਟਰ ਸੀ। ਵਰਤਮਾਨ ਵਿੱਚ, ਪੈਟਰੋਲ ਅਤੇ ਡੀਜ਼ਲ ਦੀ ਕੀਮਤ ਵਿੱਚ ਸਿਰਫ 10 ਤੋਂ 11 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਜੇਕਰ ਖਰਚੇ ਉਸੇ ਦਰ ਨਾਲ ਵਧੇ ਹੁੰਦੇ, ਤਾਂ ?9 ਕਰੋੜ ਦਾ ਖਰਚਾ ਵੱਧ ਤੋਂ ਵੱਧ ?10 ਕਰੋੜ (ਲੱਗਭੱਗ £1.2 ਬਿਲੀਅਨ) ਤੱਕ ਪਹੁੰਚ ਜਾਣਾ ਚਾਹੀਦਾ ਸੀ। ਹਾਲਾਂਕਿ, ਨਿਗਮ ਦਾ ਬਾਲਣ ਖਰਚ ?42 ਕਰੋੜ (ਲੱਗਭੱਗ £1.2 ਬਿਲੀਅਨ) ਤੱਕ ਵਧ ਗਿਆ ਹੈ। ਇਹ ਸਵਾਲ ਕਰਨਾ ਇੱਕ ਗੰਭੀਰ ਮਾਮਲਾ ਹੈ ਕਿ ਇਹ ਸਾਰਾ ਬਾਲਣ ਕਿਵੇਂ ਖਪਤ ਹੋਇਆ। ਧੀਮਾਨ ਨੇ ਕਿਹਾ ਕਿ ਸਰਕਾਰੀ ਆਦੇਸ਼ਾਂ ਵਿੱਚ ਵਾਹਨਾਂ ਦੀ ਆਵਾਜਾਈ ਅਤੇ ਬਾਲਣ ਦੀ ਖਪਤ ਦੀ ਨਿਗਰਾਨੀ ਕਰਨ ਲਈ ਸਰਕਾਰੀ ਵਾਹਨਾਂ ਵਿੱਚ ਜੀਪੀਐਸ ਸਿਸਟਮ ਲਗਾਉਣ ਦੀ ਲੋੜ ਹੁੰਦੀ ਹੈ। ਪਰ ਅੱਜ ਤੱਕ, ਜ਼ਿਆਦਾਤਰ ਨਗਰ ਨਿਗਮ ਵਾਹਨਾਂ ਵਿੱਚ ਇਹ ਸਿਸਟਮ ਨਹੀਂ ਲਗਾਏ ਗਏ ਜੋ ਸਿੱਧੇ ਤੌਰ 'ਤੇ ਨਗਰ ਨਿਗਮ ਅਧਿਕਾਰੀਆਂ ਅਤੇ ਵਿਧਾਇਕਾਂ ਵਿਚਕਾਰ ਮਿਲੀਭੁਗਤ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦਾ ਨਾਅਰਾ ਦਿੱਤਾ ਸੀ, ਪਰ 'ਆਪ' ਦੇ ਰਾਜ ਦੌਰਾਨ ਜਿਸ ਤਰ੍ਹਾਂ ਘੁਟਾਲੇ ਸਾਹਮਣੇ ਆ ਰਹੇ ਹਨ, ਉਸ ਤੋਂ ਇਹ ਭ੍ਰਿਸ਼ਟਾਚਾਰ ਮੁਕਤ ਹੋਣ ਦੀ ਬਜਾਏ ਭ੍ਰਿਸ਼ਟਾਚਾਰ ਨਾਲ ਭਰੀ ਸਰਕਾਰ ਜਾਪਦੀ ਹੈ।

# ਆਵਾਰਾ ਕੁੱਤਿਆਂ ਨੂੰ ਜ਼ਹਿਰ ਦੇ ਕੇ ਮਾਰਨ 'ਤੇ ਜਾਨਵਰ ਜ਼ੁਲਮ ਐਕਟ ਤਹਿਤ ਮਾਮਲਾ ਦਰਜ

ਲੁਧਿਆਣਾ, 23 ਮਈ (ਵਿਸ਼ਾਲ ਸ਼ਰਮਾ): ਲੁਧਿਆਣਾ ਦੇ ਸਲੇਮ ਟਾਬਰੀ ਪੁਲਿਸ ਸਟੇਸ਼ਨ ਅਧੀਨ ਆਉਂਦੀ ਐਲਡੀਕੋ ਚੌਂਕੀ ਵਿੱਚ ਅਵਾਰਾ ਕੁੱਤਿਆਂ ਨੂੰ ਜ਼ਹਿਰ ਦੇ ਕੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਹੈਲਥ ਫੌਡ ਐਨੀਮਲ ਐਸੋਸੀਏਸ਼ਨ ਦੇ ਪ੍ਰਧਾਨ, ਲੁਧਿਆਣਾ ਦੇ ਫੀਲਡ ਗੰਜ ਦੇ ਵਸਨੀਕ ਮਨੀ ਸਿੰਘ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਨ੍ਹਾਂ ਦੀ ਸੰਸਥਾ ਛੱਡੇ ਹੋਏ ਅਤੇ ਜ਼ਖਮੀ ਜਾਨਵਰਾਂ ਦਾ ਇਲਾਜ ਕਰਦੀ ਹੈ ਅਤੇ ਜਾਨਵਰਾਂ ਦੀ ਬੇਰਹਿਮੀ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ। ਮਨੀ ਸਿੰਘ ਨੇ ਦੱਸਿਆ ਕਿ 20 ਮਈ, 2026 ਨੂੰ ਉਨ੍ਹਾਂ ਨੂੰ ਕਵਿਤਾ ਸ਼ਰਮਾ ਨਾਮ ਦੀ ਇੱਕ ਔਰਤ ਦਾ ਫੋਨ ਆਇਆ ਜਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਹੁਸੈਨਪੁਰਾ ਪਿੰਡ ਵਿੱਚ ਤਿੰਨ ਅਵਾਰਾ ਕੁੱਤੇ ਜ਼ਮੀਨ 'ਤੇ ਪਏ ਹਨ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਹੈ। ਜਾਣਕਾਰੀ ਮਿਲਣ 'ਤੇ ਉਹ ਮੌਕੇ 'ਤੇ ਪਹੁੰਚੇ, ਜਿੱਥੇ ਤਿੰਨੋਂ ਕੁੱਤਿਆਂ ਦੀ ਮੌਤ ਹੋ ਗਈ ਸੀ। ਨੇੜਲੇ ਵਸਨੀਕਾਂ ਤੋਂ ਪੁੱਛਗਿੱਛ ਕਰਨ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਸੁਖਵਿੰਦਰ ਸਿੰਘ ਨਾਮ ਦੇ ਇੱਕ ਵਿਅਕਤੀ ਨੇ ਕੁੱਤਿਆਂ ਨੂੰ ਕਥਿਤ ਤੌਰ 'ਤੇ ਜ਼ਹਿਰ ਦਿੱਤਾ ਸੀ। ਸ਼ਿਕਾਇਤਕਰਤਾ ਦੇ ਅਨੁਸਾਰ, ਜਦੋਂ ਉਹ ਅਗਲੇ ਦਿਨ ਮੁਲਜ਼ਮਾਂ ਨਾਲ ਗੱਲ ਕਰਨ ਗਿਆ, ਤਾਂ ਉਸਨੇ ਮੰਨਿਆ ਕਿ ਉਸਨੇ ਖੇਤਾਂ ਵਿੱਚ ਰੋਟੀ ਵਿੱਚ ਜ਼ਹਿਰ ਮਿਲਾਇਆ ਸੀ, ਜਿਸਨੂੰ ਕੁੱਤਿਆਂ ਨੇ ਖਾ ਲਿਆ ਸੀ। ਪੁਲਿਸ ਵੱਲੋਂ ਕੀਤੀ ਗਈ ਮੁੱਢਲੀ ਜਾਂਚ ਵਿੱਚ ਮਾਮਲਾ ਸੱਚ ਪਾਇਆ ਗਿਆ ਅਤੇ ਜਾਂਚ ਅਧਿਕਾਰੀ ਏ.ਐਸ.ਆਈ ਜਤਿੰਦਰ ਕੁਮਾਰ ਨੇ ਦੱਸਿਆ ਕਿ ਦੋਸ਼ੀ ਸੁਖਵਿੰਦਰ ਸਿੰਘ ਵਾਸੀ ਹੁਸੈਨਪੁਰਾ ਵਿਰੁੱਧ ਬੀਐਨਐਸ ਦੀ ਧਾਰਾ 325 ਅਤੇ ਪਸ਼ੂ ਬੇਰਹਿਮੀ ਐਕਟ ਦੀ ਧਾਰਾ 11 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਦੋਸ਼ੀ ਵਿਰੁੱਧ ਐਫ.ਆਈ.ਆਰ ਦਰਜ ਕਰ ਲਈ ਅਤੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਕੰਟਰੋਲ ਰੂਮ ਅਤੇ ਉੱਚ ਅਧਿਕਾਰੀਆਂ ਨੂੰ ਵੀ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ।

# ਗੌਰਵ ਅਤੇ ਰੁਪਾਲੀ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ



ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਦੇ ਪ੍ਰਸਿੱਧ ਸਕੂਲ ਮਾਨਵ ਰਚਨਾ ਇੰਟਰਨੈਸ਼ਨਲ ਸਕੂਲ ਵਿਖੇ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜਨਰਲ ਸਕੱਤਰ ਫਾਊਂਡੇਸ਼ਨ ਪੰਜਾਬ ਜਸਵੰਤ ਸਿੰਘ ਛਾਪਾ, ਫਾਊਂਡੇਸ਼ਨ ਦੇ ਸਰਪ੍ਰਸਤ ਹੇਮਰਾਜ ਗੋਇਲ, ਫਾਊਂਡੇਸ਼ਨ ਦੀ ਪੰਜਾਬ ਦੀ ਮਹਿਲਾ ਵਿੰਗ ਦੀ ਪ੍ਰਧਾਨ ਕਰਮਜੀਤ ਕੌਰ ਢਿੱਲੋਂ ਅਤੇ ਜਨਰਲ ਸਕੱਤਰ ਸੋਨੀਆ ਅਰੋੜਾ ਨੇ ਵਿੱਦਿਆ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਤੇ ਇਤਿਹਾਸ ਨੂੰ ਪਿਆਰ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੰਸ਼ਜ ਰੂਪਾਲੀ ਤਰੇਹਣ ਡਾਇਰੈਕਟਰ ਮਾਨਵ ਰਚਨਾ ਸਕੂਲ ਅਤੇ ਗੌਰਵ ਰਾਏ ਐਗਜੈਕਟਿਵ ਡਾਇਰੈਕਟਰ ਨੂੰ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਸਨਮਾਨ ਪ੍ਰਦਾਨ ਕਰਦੇ ਹੋਏ ਸਰਹਿੰਦ ਫਤਿਹ ਦੀ ਇਤਿਹਾਸਿਕ ਸ਼ਾਲ ਭੇਟ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ 'ਤੇ ਅਧਾਰਿਤ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰੱਸਟ ਰਕਬਾ ਲੁਧਿਆਣਾ ਵੱਲੋਂ ਪ੍ਰਸਿੱਧ ਸਿੱਖ ਵਿਦਵਾਨ ਅਨੁਰਾਗ ਸਿੰਘ ਅਤੇ ਵਿਸ਼ਵ ਪ੍ਰਸਿੱਧ ਆਰਟਿਸਟ ਆਰ.ਐਮ ਸਿੰਘ ਜਿਨ੍ਹਾਂ ਚਾਰ ਭਾਰਤ ਦੇ ਰਾਸ਼ਟਰਪਤੀ ਦੇ ਚਿੱਤਰ ਤਿਆਰ ਕੀਤੇ ਹਨ, ਵੱਲੋਂ ਤਿਆਰ ਕੀਤੀ ਪੁਸਤਕ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਉਪਰੋਕਤ ਸ਼ਖਸ਼ੀਅਤਾਂ ਨੂੰ ਸਨਮਾਨ ਸਹਿਤ ਭੇਂਟ ਕੀਤੀ ਗਈ।

# ਹਾਈ ਕੋਰਟ ਵੱਲੋਂ ਨਾਜਾਇਜ਼ ਮਾਈਨਿੰਗ ਦੇ ਵਿਰੁੱਧ ਨਿਯੁਕਤ ਐਲ.ਸੀ. ਨੇ ਕੀਤੀ ਚੈਕਿੰਗ



ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ): ਭਾਰਤੀ ਕਿਸਾਨ ਯੂਨੀਅਨ ਚੜੂਨੀ ਲੁਧਿਆਣਾ ਵੱਲੋਂ ਲਗਾਤਾਰ ਨਜਾਇਜ਼ ਮਾਈਨਿੰਗ ਦੇ ਖਿਲਾਫ ਚੁੱਕੀ ਕੀਤੀ ਜਾ ਰਹੀ ਆਵਾਜ਼ ਅਤੇ ਕਈ ਮਹੀਨਿਆਂ ਤੋਂ ਲਗਾਤਾਰ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਰਾਹੀਂ ਦਿੱਤੇ ਜਾ ਮੰਗ ਪੱਤਰ ਦਾ ਅੱਜ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੇ ਅਨੁਸਾਰ ਨਜਾਇਜ਼ ਮਾਈਨਿੰਗ ਦੀ ਚੈਕਿੰਗ ਲਈ ਐਲ.ਸੀ ਨਿਯੁਕਤ ਕੀਤਾ ਗਿਆ ਜਿਸ ਨੇ ਅੱਜ ਰਾਹੋਂ ਰੋਡ ਮੱਤੇਵਾੜੇ ਜੰਗਲ ਦੇ ਨਾਲ ਨਾਲ ਦਰਿਆ ਦੇ ਬੰਨ੍ਹ 'ਤੇ ਚੈਕਿੰਗ ਕੀਤੀ। ਇਸ ਮੌਕੇ ਨਾਲ ਏਡੀਸੀ ਨਵਾਂ ਸ਼ਹਿਰ, ਮਾਈਨਿੰਗ ਅਫਸਰ, ਬੀਡੀਪੀਓ ਵਗੈਰਾ ਅਫਸਰ ਅਤੇ ਕਈ ਪਿੰਡਾਂ ਦੀਆਂ ਪੰਚਾਇਤਾਂ ਜਿਸ ਵਿੱਚ ਗੜ੍ਹੀ ਤੋਗੜ, ਗੜ੍ਹੀ ਸ਼ੇਰੂ, ਬੇਗੋਵਾਲ, ਬੌਰ 'ਚ, ਟਹਿਲ ਦਾਸ ਆਦਿ ਪਿੰਡਾਂ ਦੀਆਂ ਪੰਚਾਇਤਾਂ ਵੀ ਮੌਜੂਦ ਸਨ। ਪੰਚਾਇਤਾਂ ਅਤੇ ਅਫਸਰਾਂ ਦੀਆਂ ਟੀਮਾਂ ਨੇ ਮਿਲ ਕੇ ਸਕੂਲਾਂ ਅਤੇ ਸੀਵਰੇਜ ਦੀ ਚੈਕਿੰਗ ਕੀਤੀ, ਜਿਸ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹੀ ਤੋਗੜ, ਸਰਕਾਰੀ ਮਿਡਲ ਸਕੂਲ ਗੜ੍ਹੀ ਸ਼ੇਰੂ ਕੀ ਦੀ ਹਾਲਤ ਵੀ ਦਿਖਾਈ ਗਈ ਜੋ ਟਿੱਪਰਾਂ ਨੇ ਨੁਕਸਾਨ ਕੀਤਾ, ਉਸ ਦੀ ਰਿਪੋਰਟ ਹਾਈ ਕੋਰਟ ਵਿੱਚ ਪੇਸ਼ ਕੀਤੀ ਜਾਵੇਗੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਮੈਂਬਰ ਵੀ ਹਾਜ਼ਰ ਹੋਏ, ਜਿਸ ਵਿੱਚ ਰੋਸ਼ਨ ਸਿੰਘ ਸਾਗਰ ਮੀਤ ਪ੍ਰਧਾਨ ਪੰਜਾਬ, ਜਗਜੀਤ ਸਿੰਘ ਅਰੋੜਾ ਜਨਰਲ ਸਕੱਤਰ ਪੰਜਾਬ, ਸੁਲੱਖਣ ਸਿੰਘ ਮੰਡ ਜ਼ਿਲ੍ਹਾ ਪ੍ਰਧਾਨ, ਸੁਖਬੀਰ ਸਿੰਘ ਮੱਤੇਵਾੜਾ ਯੂਥ ਪ੍ਰਧਾਨ ਲੁਧਿਆਣਾ, ਜਗਜੀਤ ਸਿੰਘ ਮੈਂਬਰ ਪੰਚਾਇਤ, ਬੂਟਾ ਸਿੰਘ ਸਰਪੰਚ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਨਾਨਕ ਸਿੰਘ ਬਲਾਕ ਸੰਮਤੀ ਮੈਂਬਰ ਅਤੇ ਹੋਰ ਆਗੂਆਂ ਨੇ ਇਸ ਮੌਕੇ ਹਾਜ਼ਰ ਹੋ ਕੇ ਅਤੇ ਅਫਸਰਾਂ ਨੂੰ ਮੌਕਾ ਦਿਖਾ ਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਨਜਾਇਜ਼ ਮਾਈਨਿੰਗ ਬੰਦ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਬਰਸਾਤਾਂ ਦੇ ਸੰਬੰਧ ਵਿੱਚ ਕਿਸੇ ਪਿੰਡ ਵਾਸੀ ਨੂੰ ਇਸ ਦਾ ਨੁਕਸਾਨ ਨਾ ਹੋਵੇ।

# ਦਫ਼ਤਰਾਂ 'ਚੋਂ ਟੈਕਨੀਕਲ ਸਟਾਫ਼ ਨੂੰ ਫੀਲਡ 'ਚ ਭੇਜਣ ਦੀ ਉੱਠੀ ਮੰਗ

ਲੁਧਿਆਣਾ, 23 ਮਈ (ਰਵਿੰਦਰ ਸਿੰਘ ਨਿੱਝਰ) : ਬਿਜਲੀ ਨਿਗਮ 'ਚ ਜੁਲਾਈ 2020 ਤੋਂ ਬਾਅਦ ਭਰਤੀ ਹੋਏ ਸਹਾਇਕ ਲਾਈਨਮੈਨਾਂ ਨੇ ਸੁੰਦਰ ਨਗਰ ਡਵੀਜਨ 'ਚ ਮੀਟਿੰਗ ਕਰਕੇ ਵੱਡੇ ਆਰਥਿਕ ਪਾੜੇ ਵਾਲੇ 7ਵੇਂ ਪੇ ਕਮਿਸ਼ਨ ਦੀ ਬਜਾਏ ਛੇਵੇਂ ਪੇਅ ਕਮਿਸ਼ਨ ਤਹਿਤ 35400 ਰੁਪਏ ਬੇਸਿਕ ਦੇਣ ਦੀ ਮੰਗ ਕੀਤੀ ਹੈ। ਇਸਤੋਂ ਇਲਾਵਾ ਉਨ੍ਹਾਂ ਅਪਣੇ ਉੱਤੇ ਗੈਰਕਾਨੂੰਨੀ ਢੰਗ ਨਾਲ ਪਾਏ ਜਾ ਰਹੇ ਬੋਝ ਨੂੰ ਘਟਾਉਣ ਲਈ ਦਫਤਰਾਂ 'ਚ ਲਗਾਏ ਯੋਗ ਟੈਕਨੀਕਲ ਕਾਮਿਆਂ ਨੂੰ ਫੀਲਡ 'ਚ ਭੇਜਣ ਦੀ ਮੰਗ ਵੀ ਕੀਤੀ। ਮੀਟਿੰਗ 'ਚ ਉਨ੍ਹਾਂ ਵੱਲੋਂ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੂੰ ਵੀ ਬੁਲਾਇਆ ਗਿਆ ਸੀ, ਜਿਨ੍ਹਾਂ ਨਾਲ ਡਵੀਜਨ ਪ੍ਰਧਾਨ ਬਹਾਦਰ ਸਿੰਘ ਲੁਹਾਰਾ ਨੇ ਵੀ ਸ਼ਮੂਲੀਅਤ ਕੀਤੀ। ਸਹਾਇਕ ਲਾਈਨਮੈਨਾਂ ਨੇ ਫੀਲਡ 'ਚ ਆ ਰਹੀਆਂ ਹੋਰਨਾਂ ਸਮੱਸਿਆਂਵਾਂ ਤੋਂ ਵੀ ਮਹਿਦੂਦਾਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਰੋਸ ਜਾਹਰ ਕੀਤਾ ਕਿ ਡਵੀਜਨ/ ਸਬ ਡਵੀਜਨ ਪੱਧਰ 'ਤੇ ਹੁੰਦੇ ਸ਼ੋਸ਼ਣ ਨੂੰ ਰੋਕਣ ਲਈ ਵੀ ਸਥਾਨਿਕ ਲੀਡਰਸ਼ਿਪ ਕੋਈ ਸਾਰਥਿਕ ਕਦਮ ਨਹੀਂ ਚੁੱਕ ਰਹੀ। ਉਨ੍ਹਾਂ ਸੁੰਦਰ ਨਗਰ ਡਵੀਜਨ ਦੇ ਐਕਸੀਅਨ ਤੋਂ ਮੰਗ ਕੀਤੀ ਕਿ ਜਿਨ੍ਹਾਂ ਮੁਲਾਜ਼ਮਾਂ ਦੀ ਡਿਊਟੀ ਐਚਟੀ ਲਾਈਨਾਂ 'ਤੇ ਕੰਮ ਕਰਨ ਦੀ ਹੈ ਉਹ ਦਫਤਰਾਂ 'ਚ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਨੂੰ ਐਚਟੀ ਲਾਈਨਾਂ 'ਤੇ ਕੰਮ ਕਰਨ ਦੀ ਕਾਨੂੰਨੀ ਮਨਾਹੀ ਹੈ, ਉਨ੍ਹਾਂ ਤੋਂ ਕਈ ਵਾਰ ਜਬਰੀ ਐਚਟੀ ਲਾਈਨਾਂ ਉੱਤੇ ਕੰਮ ਕਰਵਾਇਆ ਜਾਂਦਾ ਹੈ, ਜੋ ਉਨ੍ਹਾਂ ਦਾ ਜਾਨੀ ਨੁਕਸਾਨ ਵੀ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਯੋਗਤਾ ਰੱਖਣ ਵਾਲੇ ਲਾਈਨਮੈਨਾਂ ਨੂੰ ਦਫਤਰਾਂ 'ਚੋਂ ਹਟਾ ਕੇ ਫੀਲਡ 'ਚ ਲਗਾਇਆ ਜਾਵੇ, ਤਾਂ ਖਪਤਕਾਰਾਂ ਦੇ ਨਾਲ ਨਾਲ ਸਾਡੇ ਸਮੇਤ ਕੰਮ ਦਾ ਵਾਧੂ ਬੋਝ ਚੁੱਕੀ ਬੈਠੇ ਜੇਈਆਂ ਨੂੰ ਵੀ ਰਾਹਤ ਮਿਲੇਗੀ ਤੇ ਮਾਨਸਿਕ ਤਣਾਅ ਤੋਂ ਹਲਕੇ ਹੋਏ ਜੇਈ ਖਪਤਕਾਰਾਂ ਨੂੰ ਹੋਰ ਵੀ ਬੇਹਤਰ ਸੇਵਾਵਾਂ ਦੇਣਗੇ। ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਉਨ੍ਹਾਂ ਦੀ ਗੱਲ ਸੁਣਕੇ ਕਿਹਾ ਕਿ ਸਾਂਝੇ ਥੜ੍ਹੇ ਵੱਲੋਂ ਪਹਿਲਾਂ ਹੀ 35400 ਬੇਸਿਕ ਪੇਅ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦਫਤਰਾਂ ਚੋਂ ਟੈਕਨੀਕਲ ਕਾਮਿਆਂ ਨੂੰ ਫੀਲਡ 'ਚ ਲਗਾਉਣ ਦੀ ਵਕਾਲਤ ਕਰਦਿਆਂ ਕਿਹਾ ਕਿ ਤੁਹਾਡੀ ਜਾਇਜ਼ ਮੰਗ ਲਈ ਹੋਰਨਾਂ ਸਾਥੀਆਂ ਨੂੰ ਨਾਲ ਲੈਕੇ ਸੋਮਵਾਰ ਨੂੰ ਐਕਸੀਅਨ ਸੁੰਦਰ ਨਗਰ ਡਵੀਜਨ ਨੂੰ ਮਿਲਿਆ ਜਾਵੇਗਾ ਤੇ ਲੋੜ ਪੈਣ 'ਤੇ ਸੰਘਰਸ਼ ਵਿੱਢਣ ਤੋਂ ਵੀ ਗੁਰੇਜ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਹਾਇਕ ਲਾਈਨਮੈਨਾਂ ਨੂੰ ਬੇਨਤੀ ਵੀ ਕੀਤੀ ਕਿ ਅਪਣਾ ਮੰਗ ਪੱਤਰ ਜੁਆਇੰਟ ਫੋਰਮ ਤੇ ਏਕਤਾ ਮੰਚ ਨੂੰ ਵੀ ਦੇਣ ਤਾਂ ਜੋ ਭਵਿੱਖ 'ਚ ਹੋਣ ਵਾਲੀਆਂ ਮੀਟਿੰਗਾਂ 'ਚ ਸਾਂਝਾ ਥੜ੍ਹਾ ਤੁਹਾਡੇ ਮਸਲਿਆਂ ਨੂੰ ਹੋਰ ਵੀ ਤਰਜੀਹ ਦੇਵੇ। ਉਨ੍ਹਾਂ ਸਾਥੀਆਂ ਨੂੰ ਅਪੀਲ ਕੀਤੀ ਕਿ ਲਟਕਦੀਆਂ ਮੰਗਾਂ ਮਨਵਾਉਣ ਲਈ 21 ਮਈ ਤੋਂ ਜੋ 'ਵਰਕ ਟੂ ਰੂਲ' ਮੁੜ ਲਾਗੂ ਹੋ ਗਿਆ ਹੈ, ਉਸਨੂੰ ਸਖਤੀ ਨਾਲ ਲਾਗੂ ਕਰਦਿਆਂ ਬਣਦੀ ਡਿਊਟੀ ਹੀ ਦਿੱਤੀ ਜਾਵੇ। ਉਨ੍ਹਾਂ ਸਾਰਿਆਂ ਨੂੰ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ 'ਤੇ ਦਿੱਤੇ ਜਾ ਰਹੇ 24 ਮਈ ਦੇ ਧਰਨੇ ਅਤੇ ਰੋਸ ਮਾਰਚ 'ਚ ਸ਼ਮੂਲੀਅਤ ਕਰਨ ਲਈ ਤਿਆਰੀਆਂ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਸਾਰੀਆਂ ਮੰਗਾਂ ਮਨਵਾਉਣ 17 ਤੇ 18 ਜੂਨ ਦੀ ਹੜਤਾਲ ਲਈ ਵੀ ਸਾਰੇ ਬਿਜਲੀ ਮੁਲਾਜ਼ਮ ਤਿਆਰ ਰਹਿਣ। ਇਸ ਮੌਕੇ ਨਰਿੰਦਰ ਸਿੰਘ, ਜਸਵਿੰਦਰ ਸਿੰਘ, ਕਰਮਜੀਤ ਸਿੰਘ, ਜਸਵਿੰਦਰ ਸਿੰਘ, ਅਵਤਾਰ ਸਿੰਘ, ਰਮਨਦੀਪ ਸਿੰਘ, ਟਿੰਕੂ ਗੁਪਤਾ, ਬਿੰਦਰ ਕੁਮਾਰ, ਵਿਰੰਦਰ ਕੁਮਾਰ, ਸੁਮਿਤ ਕੁਮਾਰ, ਕਮਲਜੀਤ ਸਿੰਘ, ਵਿਕਾਸ ਕੁਮਾਰ, ਮਨਜੀਤ ਸਿੰਘ, ਬਲਸ਼ੇਰ ਸਿੰਘ, ਵਿਕਰ ਸਿੰਘ, ਹਰਦੀਪ ਸਿੰਘ,ਸਾਧੂ ਸਿੰਘ, ਮਹਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।


GRIHUM HOUSING FINANCE Apna Ghar. Apni Pehchan.

ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

ਪੰਜੀਕ੍ਰਿਤ ਦਫਤਰ : 6ਵੀਂ ਮੰਜ਼ਿਲ ਬੀ ਬਿਲਡਿੰਗ, ਗੰਗਾ ਟਰੂਨੋ, ਲੋਹੇਗਾਓਂ, ਪੁਣੇ, ਮਹਾਰਾਸ਼ਟਰ-144014
ਸ਼ਾਖਾ ਦਫ਼ਤਰ ਇਕਾਈ : ਦੂਜੀ ਮੰਜ਼ਿਲ, ਐਸਸੀਓ 145, ਫਿਰੋਜ਼ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

ਈ-ਨਿਲਾਮੀ -ਵਿਕਰੀ ਸੂਚਨਾ
ਸਰਫਾਇਸੀ ਐਕਟ ਦੇ ਅਧੀਨ ਸੁਰੱਖਿਅਤ ਅਚੱਲ ਅਸਾਸੇ ਦੀ ਵਿਕਰੀ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਐਕਟ") ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ("ਐਕਟ") ਜੋ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜਿਆ ਜਾਂਦਾ ਹੈ।
ਇਸ ਦੁਆਰਾ ਆਮ ਤੌਰ 'ਤੇ ਜਨਤਕ ਤੌਰ 'ਤੇ ਅਤੇ ਖਾਸ ਤੌਰ 'ਤੇ ਕਰਜ਼ਦਾਰ/ਸਹਿ-ਕਰਜ਼ਦਾਰ/ਮਰਜਦਾਰ(ਆਂ)/ਗਾਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਸੰਪਤੀਆਂ ਗ੍ਰਿਹਮ ਹਾਊਸਿੰਗ ਫਾਈਨੈਂਸ ਲਿਮਟਿਡ (ਇਸ ਤੋਂ ਬਾਅਦ ਐਕਟ ਦੇ ਅਨੁਸਾਰ ÷ਸੁਰੱਖਿਅਤ ਲੈਣਦਾਰ÷ ਵਜੋਂ ਜਾਣਿਆ ਜਾਂਦਾ ਹੈ) ਨੂੰ ਗਿਰਵੀ ਰੱਖੀਆਂ ਗਈਆਂ ਹਨ, ਜਿਸਦਾ ਕਬਜ਼ਾ ਐਕਟ ਦੀ ਧਾਰਾ 13 (2) ਦੇ ਤਹਿਤ ਨੋਟਿਸ ਦੇ ਅਨੁਸਾਰ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 (12) ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ। ਸੁਰੱਖਿਅਤ ਸੰਪਤੀਆਂ ਨੂੰ 10-06-2026 ਨੂੰ ਈ-ਨਿਲਾਮੀ ਰਾਹੀਂ Asiswhereis", "Asiswhatis", ਅਤੇ "Whateverthereis" ਦੇ ਆਧਾਰ 'ਤੇ ਵੇਚਿਆ ਜਾਵੇਗਾ। ਇਸ ਦੁਆਰਾ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈੱਬਸਾਈਟ 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਕਰਨ ਜਾ ਰਹੇ ਹਾਂ: https://www.bankeauctions.com
ਵਿਕਰੀ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਲਈ, ਕਿਰਪਾ ਕਰਕੇ GHFL/ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ ਯਾਨੀ www.grihumhousing.com ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

| ਪ੍ਰਸਤਾਵ ਨੰ. ਗ੍ਰਾਹਕ ਦਾ ਨਾਮ (ੳ) | ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ) | ਕਬਜ਼ੇ ਦੀ ਕਿਸਮ (ੲ) | ਸੰਪੱਤੀ ਦਾ ਵੇਰਵਾ (ਸ) | ਰਾਖਵੀਂ ਕੀਮਤ (ਹ) | ਜਮ੍ਹਾਂ ਬਿਆਨਾ (ਆਰਪੀ ਦਾ 10%) (ਕ) | ਜਮ੍ਹਾਂ ਬਿਆਨਾ ਜਮ੍ਹਾਂ ਕਰਵਾਉਣ ਦੀ ਮਿਤੀ (ਖ) | ਬੋਲੀ ਵਾਧਾ ਰਕਮ (ਗ) | ਸੰਪੱਤੀ ਜਾਂਚ ਦੀ ਮਿਤੀ ਅਤੇ ਸਮਾਂ (ਘ) | ਨਿਲਾਮੀ ਦੀ ਮਿਤੀ ਅਤੇ ਸਮਾਂ (ਙ) | ਜਾਣੂੰ ਦੇਣਦਾਰੀਆਂ/ ਕੋਰਟ ਕੇਸ ਜੇਕਰ ਕੋਈ ਹੈ (ਚ) |
|---|---|---|---|---|---|---|---|---|---|---|
| LOAN NO. HL0062510000000 5006834 ਸ਼ਿਆਮ ਰਾਏ (ਕਰਜ਼ਦਾਰ) ਅਰਚਨਾ ਦੇਵੀ (ਸਹਿ ਕਰਜ਼ਦਾਰ) | ਸੂਚਨਾ ਮਿਤੀ : 09.04.2025 ਕੁਲ ਬਕਾਏ : ਰੁ. 1439018/- (ਰੁ. ਚੌਦਾਂ ਲੱਖ ਉਨਤਾਲੀ ਹਜ਼ਾਰ ਅਠਾਰਾਂ ਕੇਵਲ) ਪੂਰਤੀ ਹੋਣ ਤੱਕ 12.35% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.04.2025 ਨੂੰ ਅਦਾਇਗੀਯੋਗ | ਭੌਤਿਕ | ਪਿੰਡ ਗਿਆਸਪੁਰਾ, ਹੱਦਬਸਤ ਨੰ. 261, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2008-09 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 43//1, 10, 44//4, 5, 6, 14, 15, 26, ਖਾਤਾ ਨੰਬਰ 553/561 ਵਿਚ ਸ਼ਾਮਲ 50 ਵਰਗ ਗਜ਼ ਮਾਪ ਵਾਲੇ ਇੱਕ ਮਕਾਨ ਨੰ. 3, ਗਲੀ ਨੰ. 2/3, ਸੁਰਜੀਤ ਨਗਰ, ਨੇੜੇ ਪਿੱਪਲ ਚੌਕ, ਲੋਹਾਰਾ ਦੇ ਸਾਰੇ ਭਾਗ ਅਤੇ ਹਿੱਸੇ। | Rs. 900000/- (ਰੁ. ਨੌ ਲੱਖ ਕੇਵਲ) | Rs. 90000.00/- (ਰੁ. ਨੱਬੇ ਹਜ਼ਾਰ ਕੇਵਲ) | 09-06-2026 Before 5 PM | 10,000/- | 01-06-2026 (11 AM 4 PM) | 10-06-2026 (11 AM 2 PM) | ਕੋਈ ਨਹੀਂ |

ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਲੈਣਦਾਰ ਸ਼ਾਖਾ ਅਤੇ ਨਿਲਾਮੀ ਜਾਇਦਾਦਾਂ 'ਤੇ ਜਾਣ, ਅਤੇ ਆਪਣੀ ਖੁਦ ਦੀ ਪੁੱਛਗਿੱਛ ਕਰਨ ਅਤੇ ਵਾਧੂ ਖਰਚਿਆਂ, ਬੋਝਾਂ ਅਤੇ ਕਿਸੇ ਵੀ ਤੀਜੀ-ਧਿਰ ਦੇ ਹਿੱਤਾਂ ਦਾ ਪਤਾ ਲਗਾਉਣ ਅਤੇ ਬੋਲੀਆਂ ਜਮ੍ਹਾਂ ਕਰਨ ਤੋਂ ਪਹਿਲਾਂ ਇਸ ਦੇ ਸਾਰੇ ਪਹਿਲੂਆਂ ਵਿੱਚ ਆਪਣੇ ਆਪ ਨੂੰ ਸੰਤੁਸ਼ਟ ਕਰਨ। ਸਾਰੇ ਕਾਨੂੰਨੀ ਬਕਾਏ ਜਿਵੇਂ ਕਿ ਜਾਇਦਾਦ ਟੈਕਸ, ਬਿਜਲੀ/ਪਾਣੀ ਦੇ ਬਕਾਏ ਅਤੇ ਕੋਈ ਹੋਰ ਬਕਾਇਆ, ਜੇਕਰ ਕੋਈ ਹੋਵੇ, ਸਫਲ ਬੋਲੀਕਾਰ ਦੁਆਰਾ ਨਿਰਧਾਰਤ ਅਤੇ ਭੁਗਤਾਨ ਕੀਤੀ ਜਾਣ ਵਾਲੀ ਜਾਇਦਾਦ ਨਾਲ ਜੁੜੇ ਹੋਏ ਹਨ।
ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਪਵੇਗਾ ਅਤੇ ਈ-ਬੋਲੀ ਲਈ ਲਾਜ਼ਮੀ ਤੌਰ 'ਤੇ ਪਹਿਲਾਂ ਤੋਂ ਲਾਗਇਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰਨਾ ਪਵੇਗਾ, ਜੋ ਕਿ ਨਿਲਾਮੀ ਸੇਵਾ ਪ੍ਰਦਾਤਾ) 31 ਇੰਡੀਆ ਪ੍ਰਾਈਵੇਟ ਲਿਮਟਿਡ ਤੋਂ। ਪਤਾ- ਪਲਾਟ ਨੰਬਰ-68 ਤੀਜੀ ਮੰਜ਼ਿਲ ਗੁੜਗਾਓਂ ਹਰਿਆਣਾ-122003। ਹੈਲਪਲਾਈਨ ਨੰਬਰ- 7291981124,25,26 ਸਹਾਇਤਾ ਈਮੇਲ ਆਈਡੀ Support@bankeauctions.com। ਸੰਪਰਕ ਵਿਅਕਤੀ ਧਾਰਨੀ ਪੀ, ਈਮੇਲ ਆਈਡੀ-dharani.p@cAindia.com ਸੰਪਰਕ ਨੰਬਰ- 9948182222। ਕਿਰਪਾ ਕਰਕੇ ਧਿਆਨ ਦਿਓ ਕਿ ਸੰਭਾਵੀ ਬੋਲੀਕਾਰ ਸਿਰਫ਼ ਉਨ੍ਹਾਂ ਤੋਂ ਈ-ਨੀਲਾਮੀ 'ਤੇ ਔਨਲਾਈਨ ਸਿਖਲਾਈ ਪ੍ਰਾਪਤ ਕਰ ਸਕਦੇ ਹਨ। ਇੱਛੁਕ ਖਰੀਦਦਾਰ/ਬੋਲੀਕਾਰ ਨੂੰ "ਗ੍ਰਹਿਮ ਹਾਊਸਿੰਗ ਫਾਈਨੈਂਸ ਲਿਮਟਿਡ - ਨਿਲਾਮੀ ਪ੍ਰਕਿਰਿਆ ਖਾਤਾ", ਬੈਂਕ-93939 ਬੈਂਕ ਲਿਮਟਿਡ ਦੇ ਖਾਤੇ ਵਿੱਚ NEFT/RTGS/DD ਰਾਹੀਂ ਅਰਨੈਸਟ ਮਨੀ ਡਿਪਾਜ਼ਿਟ (EMD) ਦੀ ਰਕਮ ਜਮ੍ਹਾਂ ਕਰਾਉਣੀ ਪਵੇਗੀ। ਖਾਤਾ ਨੰਬਰ-09155100028 ਅਤੇ IFSC ਕੋਡ-ICIC0000915, ICICI ਬੈਂਕ ਲਿਮਟਿਡ, ਪੰਚਸ਼ੀਲ ਟੈਕ ਪਾਰਕ, ਗਣਪਤੀ ਚੌਕ ਦੇ ਨੇੜੇ, 43/44 ਵਿਮਾਨ ਨਗਰ 411014 ਕਿਸੇ ਵੀ ਰਾਸ਼ਟਰੀਕ੍ਰਿਤ ਜਾਂ ਅਨੁਸੂਚਿਤ ਬੈਂਕ ਵਿੱਚ 09-06-2026 ਨੂੰ ਜਾਂ ਇਸ ਤੋਂ ਪਹਿਲਾਂ ਕੱਢੇ ਜਾਣ ਅਤੇ https://www.bankeauctions.com 'ਤੇ ਆਪਣਾ ਨਾਮ ਰਜਿਸਟਰ ਕਰਵਾਉਣ ਅਤੇ ਉਪਭੋਗਤਾ ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨ ਅਤੇ ਸੇਵਾ ਪ੍ਰਦਾਤਾ ਤੋਂ ਈ-ਆਕਸ਼ਨ 'ਤੇ ਸਿਖਲਾਈ ਪ੍ਰਾਪਤ ਕਰਨ। ਵੈੱਬਸਾਈਟ 'ਤੇ ਆਪਣੀ ਰਜਿਸਟਰੇਸ਼ਨ ਤੋਂ ਬਾਅਦ, ਇੱਛੁਕ ਖਰੀਦਦਾਰ/ਬੋਲੀਦਾਰ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪਲੋਡ, ਈ-ਮੇਲ ਅਤੇ ਸਵੈ-ਪ੍ਰਮਾਣਿਤ ਹਾਰਡ ਕਾਪੀ ਪਤੇ 'ਤੇ ਭੇਜਣ ਦੀ ਲੋੜ ਹੁੰਦੀ ਹੈ: ਦੂਜੀ ਮੰਜ਼ਿਲ, SCO 145, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ, ਪੰਜਾਬ 141001 ਮੋਬਾਈਲ ਨੰ. +91 8281138143 ਈ-ਮੇਲ ਆਈਡੀ p.adith@grihumhousing.com ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ https://www.bankeauctions.com&www.grihumhousing.com 'ਤੇ ਜਾਓ।
ਇਸ ਨੋਟਿਸ ਨੂੰ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ-2002 ਦੇ ਨਿਯਮ 8(6) ਦੇ ਤਹਿਤ ਕਰਜ਼ਦਾਰ/ਸਹਿ-ਕਰਜ਼ਦਾਰ/ਮਰਜਵਾਬਕਰਤਾ/ਗਾਰੰਟੀਕਰਤਾਵਾਂ ਨੂੰ 15 ਦਿਨਾਂ (ਪੰਦਰਾਂ) ਦਾ ਨੋਟਿਸ ਵੀ ਮੰਨਿਆ ਜਾਣਾ ਚਾਹੀਦਾ ਹੈ।
ਸਥਾਨ:-ਲੁਧਿਆਣਾ ਪੰਜਾਬ
ਮਿਤੀ: 25.05.2026
ਅਧਿਕਾਰਤ ਅਧਿਕਾਰੀ,
ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ




# ਇੱਕ ਅਜਿਹੀ ਜੰਗ ਜੋ ਭਾਰਤ ਨੇ ਲੜੀ ਨਹੀਂ, ਪਰ ਨੁਕਸਾਨ ਭੁਗਤ ਰਿਹੈ

ਫਰਵਰੀ 2026 ਵਿੱਚ ਜਦੋਂ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲੇ ਕੀਤੇ, ਤਾਂ ਦੁਨੀਆਂ ਦੇ ਕਈ ਦੇਸ਼ਾਂ ਨੂੰ ਇਸ ਜੰਗ ਦੀਆਂ ਲਾਟਾਂ ਨੇ ਸਾੜਨਾ ਸ਼ੁਰੂ ਕਰ ਦਿੱਤਾ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਇਸ ਜੰਗ ਵਿੱਚ ਸ਼ਾਮਲ ਨਹੀਂ, ਪਰ ਫਿਰ ਵੀ ਸਭ ਤੋਂ ਵੱਧ ਨੁਕਸਾਨ ਝੱਲ ਰਿਹਾ ਹੈ। ਤੇਲ ਦੀਆਂ ਕੀਮਤਾਂ ਵਿੱਚ ਅਸਮਾਨੀ ਛਾਲ, ਰੁਪਏ ਦੀ ਭਾਰੀ ਗਿਰਾਵਟ, ਖਾੜੀ ਦੇਸ਼ਾਂ ਤੋਂ ਆਉਣ ਵਾਲੇ ਕਰੋੜਾਂ ਰੁਪਏ ਦੇ ਰੈਮਿਟੈਂਸ 'ਤੇ ਖ਼ਤਰਾ, ਅਤੇ ਲੱਖਾਂ ਭਾਰਤੀਆਂ ਦੀ ਨੌਕਰੀ ਦਾ ਸੰਕਟ — ਇਹ ਸਾਰੇ ਖ਼ਤਰੇ ਭਾਰਤ ਦੇ ਸਾਹਮਣੇ ਇੱਕੋ ਵਾਰ ਆ ਖੜੇ ਹੋਏ ਹਨ।

ਮਾਹਰਾਂ ਦਾ ਕਹਿਣਾ ਹੈ ਕਿ ਆਪਣੇ ਇਤਿਹਾਸ ਵਿੱਚ ਭਾਰਤ ਨੇ ਆਪਣੇ ਗੁਆਂਢੀਆਂ ਨਾਲ ਵੀ ਜੰਗਾਂ ਲੜੀਆਂ ਹਨ, ਪਰ ਇਹ ਦੂਰ ਦੀ ਜੰਗ ਭਾਰਤ ਦੀ ਅਰਥਵਿਵਸਥਾ ਨੂੰ ਉਨ੍ਹਾਂ ਨਾਲੋਂ ਵੀ ਵੱਧ ਨੁਕਸਾਨ ਪਹੁੰਚਾ ਸਕਦੀ ਹੈ।

## ਹੌਰਮੁਜ਼ ਦੀ ਖਾੜੀ: ਭਾਰਤ ਦੀ ਊਰਜਾ ਜੀਵਨ-ਰੇਖਾ 'ਤੇ ਕੁਹਾੜਾ

ਭਾਰਤ ਆਪਣੀ ਕੁੱਲ ਤੇਲ ਲੋੜ ਦਾ ਲਗਭਗ 85 ਫ਼ੀਸਦੀ ਵਿਦੇਸ਼ਾਂ ਤੋਂ ਖਰੀਦਦਾ ਹੈ। ਇਸ ਵਿੱਚੋਂ ਜ਼ਿਆਦਾਤਰ ਖਾੜੀ ਦੇਸ਼ਾਂ ਤੋਂ ਆਉਂਦਾ ਹੈ ਅਤੇ ਹੌਰਮੁਜ਼ ਦੀ ਖਾੜੀ ਵਿੱਚੋਂ ਲੰਘਦਾ ਹੈ। ਇਹ ਖਾੜੀ ਦੁਨੀਆਂ ਦੇ 20 ਤੋਂ 30 ਫ਼ੀਸਦੀ ਕੱਚੇ ਤੇਲ ਅਤੇ ਤਰਲ ਕੁਦਰਤੀ ਗੈਸ (LNG) ਦਾ ਰਸਤਾ ਹੈ।

ਜਦੋਂ ਤੋਂ ਈਰਾਨ ਨੇ ਇਸ ਖਾੜੀ ਵਿੱਚ ਸਮੁੰਦਰੀ ਜਹਾਜ਼ਾਂ 'ਤੇ ਹਮਲੇ ਦੀ ਧਮਕੀ ਦੇ ਕੇ ਇਸਨੂੰ ਅਮਲੀ ਤੌਰ 'ਤੇ ਬੰਦ ਕਰ ਦਿੱਤਾ ਹੈ, ਅੰਤਰਰਾਸ਼ਟਰੀ ਊਰਜਾ ਏਜੰਸੀ (IEA) ਨੇ ਇਸਨੂੰ "ਗਲੋਬਲ ਤੇਲ ਬਾਜ਼ਾਰ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਸਪਲਾਈ ਵਿਘਨ" ਕਰਾਰ ਦਿੱਤਾ ਹੈ। ਬ੍ਰੈਂਟ ਕੱਚਾ ਤੇਲ ਮਾਰਚ 2026 ਤੱਕ $117 ਪ੍ਰਤੀ ਬੈਰਲ ਨੂੰ ਪਾਰ ਕਰ ਗਿਆ — ਮਹੀਨੇ ਭਰ ਵਿੱਚ ਲਗਭਗ 60 ਫ਼ੀਸਦੀ ਦਾ ਵਾਧਾ।

ਭਾਰਤ ਵਿੱਚ ਗੈਸ ਦੀ ਕਮੀ ਦੇ ਖ਼ਤਰੇ ਕਾਰਨ ਸਰਕਾਰ ਨੂੰ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕਰਨੀ ਪਈ। ਖਾਣਾ ਬਣਾਉਣ ਵਾਲੀ ਗੈਸ (LPG) ਦੀ ਕਮੀ ਨੇ ਆਮ ਘਰਾਂ ਦੀ ਜ਼ਿੰਦਗੀ ਔਖੀ ਕਰ ਦਿੱਤੀ। ਸ਼ਿਪਿੰਗ ਬੀਮਾ ਕੰਪਨੀਆਂ ਨੇ ਖਾੜੀ ਵਿੱਚ ਆਪਣੇ ਕਵਰੇਜ ਰੱਦ ਕਰ ਦਿੱਤੇ, ਜਿਸ ਕਾਰਨ ਜਹਾਜ਼ਰਾਨੀ ਦਾ ਖਰਚਾ ਹੋਰ ਵਧ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਬਾਲਣ ਦੀ ਵਰਤੋਂ ਘਟਾਉਣ, ਵਿਦੇਸ਼ ਯਾਤਰਾਵਾਂ ਘਟਾਉਣ ਅਤੇ ਸੋਨੇ ਦੀਆਂ ਖਰੀਦਾਰੀਆਂ ਰੋਕਣ। ਉਨ੍ਹਾਂ ਨੇ ਸਾਰਵਜਨਿਕ ਆਵਾਜਾਈ ਵਰਤਣ ਅਤੇ ਕਾਰਪੂਲਿੰਗ ਕਰਨ ਦੀ ਅਪੀਲ ਕੀਤੀ। ਇਹ ਮੁਲਕ ਦੁਨੀਆਂ ਵਿੱਚ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਸੋਨੇ ਦਾ ਖਰੀਦਦਾਰ ਹੈ, ਜੋ ਸਾਲਾਨਾ ਤਕਰੀਬਨ 72 ਅਰਬ ਡਾਲਰ ਦਾ ਸੋਨਾ ਖਰੀਦਦਾ ਹੈ।

## ਰੁਪਏ ਦੀ ਤਬਾਹੀ: ਡਾਲਰ ਸਾਹਮਣੇ ਬੇਵੱਸ ਹੋਈ ਭਾਰਤੀ ਕਰੰਸੀ

ਈਰਾਨ ਜੰਗ ਦਾ ਸਭ ਤੋਂ ਤਿੱਖਾ ਅਸਰ ਭਾਰਤੀ ਰੁਪਏ 'ਤੇ ਪਿਆ ਹੈ। ਮਾਰਚ 2026 ਵਿੱਚ ਰੁਪਿਆ ਡਾਲਰ ਦੇ ਮੁਕਾਬਲੇ ਇੱਕ ਰਿਕਾਰਡ ਨੀਵੇਂ ਪੱਧਰ 94.79 ਤੱਕ ਡਿੱਗ ਗਿਆ। ਖਾੜੀ ਵਿੱਚ ਗੜਬੜੀ ਕਾਰਨ ਊਰਜਾ ਦਰਾਮਦ ਅਤੇ ਰੈਮਿਟੈਂਸ ਦੋਵੇਂ ਪ੍ਰਭਾਵਿਤ ਹੋਏ।

ਮੁਦਰਾ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਤੇਲ ਦੀਆਂ ਕੀਮਤਾਂ $100 ਪ੍ਰਤੀ ਬੈਰਲ ਤੋਂ ਉੱਪਰ ਰਹਿੰਦੀਆਂ ਹਨ, ਤਾਂ ਡਾਲਰ ਦੇ ਮੁਕਾਬਲੇ ਰੁਪਿਆ 95 ਤੋਂ ਪਾਰ ਜਾ ਸਕਦਾ ਹੈ। ਬਦਤਰ ਸਥਿਤੀ ਵਿੱਚ — ਜੇ ਤੇਲ $120 ਪ੍ਰਤੀ ਬੈਰਲ ਤੱਕ ਪਹੁੰਚਦਾ ਹੈ — ਤਾਂ ਰੁਪਿਆ 97 ਤੋਂ ਵੀ ਹੇਠਾਂ ਆ ਸਕਦਾ ਹੈ।

ਰੁਪਏ ਦੀ ਗਿਰਾਵਟ ਦਾ ਮਤਲਬ ਹੈ ਕਿ ਭਾਰਤ ਨੂੰ ਤੇਲ ਖਰੀਦਣ ਲਈ ਹੋਰ ਵੱਧ ਡਾਲਰ ਖਰਚਣੇ ਪੈਂਦੇ ਹਨ, ਜਿਸ ਨਾਲ ਵਿਦੇਸ਼ੀ ਮੁਦਰਾ ਭੰਡਾਰ 'ਤੇ ਦਬਾਅ ਪੈਂਦਾ ਹੈ। ਇਸ ਦੇ ਨਾਲ ਹੀ ਭਾਰਤੀ ਸ਼ੇਅਰ ਬਾਜ਼ਾਰ ਪਿਛਲੇ ਮਹੀਨੇ ਵਿੱਚ ਲਗਭਗ 10 ਫ਼ੀਸਦੀ ਡਿੱਗ ਗਿਆ, ਅਤੇ ਲਗਾਤਾਰ ਪੰਜ ਹਫ਼ਤੇ ਤੱਕ ਗਿਰਾਵਟ ਜਾਰੀ ਰਹੀ।

ਗੋਲਡਮੈਨ ਸੈਕਸ ਨੇ ਚੇਤਾਵਨੀ ਦਿੱਤੀ ਹੈ ਕਿ ਭਾਰਤ ਇੱਕੋ ਵੇਲੇ ਤਿੰਨ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ — ਮੱਧਮ ਵਿਕਾਸ ਦਰ, ਉੱਚੀ ਮਹਿੰਗਾਈ, ਅਤੇ ਕਮਜ਼ੋਰ ਕਰੰਸੀ। ਖੋਜਕਾਰਾਂ ਮੁਤਾਬਕ ਤੇਲ ਦੀ ਕੀਮਤ ਵਿੱਚ ਹਰ 10 ਫ਼ੀਸਦੀ ਵਾਧੇ ਦਾ ਭਾਰਤ ਦੀ ਖਪਤਕਾਰ ਕੀਮਤ ਸੂਚਕਾਂਕ (CPI) 'ਤੇ ਸਿੱਧਾ ਅਸਰ ਪੈਂਦਾ ਹੈ। ਜੇ $100 ਤੋਂ ਉੱਪਰ ਦੀਆਂ ਕੀਮਤਾਂ ਲੰਬੇ ਸਮੇਂ ਲਈ ਰਹਿੰਦੀਆਂ ਹਨ, ਤਾਂ CPI 5 ਫ਼ੀਸਦੀ ਤੋਂ ਵੀ ਪਾਰ ਜਾ ਸਕਦੀ ਹੈ।

## ਰੈਮਿਟੈਂਸ ਦਾ ਸੰਕਟ: 51 ਅਰਬ ਡਾਲਰ 'ਤੇ ਖ਼ਤਰੇ ਦੀ ਘੜੀ

ਭਾਰਤ ਦੁਨੀਆਂ ਵਿੱਚ ਸਭ ਤੋਂ ਵੱਧ ਰੈਮਿਟੈਂਸ (ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ) ਪ੍ਰਾਪਤ ਕਰਨ ਵਾਲਾ ਦੇਸ਼ ਹੈ। ਵਿੱਤੀ ਸਾਲ 2025 ਵਿੱਚ ਇਹ ਰਕਮ 135.4 ਅਰਬ ਡਾਲਰ ਰਹੀ। ਇਸ ਵਿੱਚੋਂ ਖਾੜੀ ਦੇਸ਼ਾਂ ਦਾ ਹਿੱਸਾ ਲਗਭਗ 38 ਫ਼ੀਸਦੀ — ਭਾਵ ਕਰੀਬ 51.4 ਅਰਬ ਡਾਲਰ — ਬਣਦਾ ਹੈ।

ਇਸ ਰਕਮ ਦੀ ਤੁਲਨਾ ਕਰੀਏ ਤਾਂ ਅਮਰੀਕਾ ਨਾਲ ਭਾਰਤ ਦਾ ਕੁੱਲ ਵਪਾਰ ਸਰਪਲੱਸ 2025 ਵਿੱਚ 58.2 ਅਰਬ ਡਾਲਰ ਸੀ — ਭਾਵ ਖਾੜੀ ਦੇਸ਼ਾਂ ਤੋਂ ਆਉਣ ਵਾਲਾ ਰੈਮਿਟੈਂਸ ਉਸ ਤੋਂ ਵੀ ਵੱਡਾ ਹੈ।

ਲਗਭਗ 1 ਕਰੋੜ ਭਾਰਤੀ ਖਾੜੀ ਦੇਸ਼ਾਂ ਵਿੱਚ ਕੰਮ ਕਰਦੇ ਹਨ — ਤੇਲ ਸੇਵਾਵਾਂ, ਉਸਾਰੀ, ਹੋਟਲ ਅਤੇ ਰਿਟੇਲ ਖੇਤਰਾਂ ਵਿੱਚ। ਇਹ ਉਹ ਖੇਤਰ ਹਨ ਜੋ ਈਰਾਨੀ ਹਮਲਿਆਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਵਿਦੇਸ਼ ਮੰਤਰਾਲੇ ਦੇ ਇੱਕ ਅਧਿਕਾਰੀ ਅਨੁਸਾਰ ਫਰਵਰੀ ਅੰਤ ਤੋਂ ਅਪ੍ਰੈਲ 2026 ਤੱਕ ਲਗਭਗ 11 ਲੱਖ ਭਾਰਤੀ ਖੇਤਰ ਤੋਂ ਵਾਪਸ ਆ ਚੁੱਕੇ ਹਨ।

ਵਿਸ਼ਵ ਬੈਂਕ ਦਾ ਅਨੁਮਾਨ ਹੈ ਕਿ 2026 ਵਿੱਚ ਖਾੜੀ ਖੇਤਰ ਦੀ ਆਰਥਿਕ ਵਿਕਾਸ ਦਰ 4.4 ਫ਼ੀਸਦੀ ਤੋਂ ਘੱਟ ਕੇ 1.3 ਫ਼ੀਸਦੀ ਰਹਿ ਸਕਦੀ ਹੈ। ਇਸ ਦਾ ਸਿੱਧਾ ਅਸਰ ਨੌਕਰੀਆਂ 'ਤੇ ਪਵੇਗਾ। ਕਾਨਪੁਰ ਦੇ ਰੁਜ਼ਗਾਰ ਏਜੰਟ ਗੌਤਮ ਭਟਨਾਗਰ ਨੇ ਦੱਸਿਆ ਕਿ ਪਹਿਲਾਂ ਉਹ ਹਰ ਮਹੀਨੇ 5-10 ਉਮੀਦਵਾਰ ਖਾੜੀ ਦੇਸ਼ਾਂ ਵਿੱਚ ਭੇਜਦੇ ਸਨ, ਪਰ ਹੁਣ ਇੱਕ-ਦੋ ਭੇਜਣਾ ਵੀ ਮੁਸ਼ਕਲ ਹੋ ਗਿਆ ਹੈ।

ਕੇਰਲਾ ਅਤੇ ਤੇਲੰਗਾਨਾ ਵਰਗੇ ਸੂਬੇ, ਜਿੱਥੇ ਖਾੜੀ ਤੋਂ ਰੈਮਿਟੈਂਸ ਸਭ ਤੋਂ ਵੱਧ ਆਉਂਦਾ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਜੇ ਵੱਡੇ ਪੱਧਰ 'ਤੇ ਭਾਰਤੀ ਵਾਪਸ ਆਉਣ, ਤਾਂ ਇਹ ਸੂਬੇ ਇੱਕ ਵੱਡੇ ਰੁਜ਼ਗਾਰ ਸੰਕਟ ਦਾ ਸਾਹਮਣਾ ਕਰ ਸਕਦੇ ਹਨ।

## GDP ਵਿਕਾਸ ਦਰ 'ਤੇ ਸੱਟ: ਅਰਥਵਿਵਸਥਾ ਦੀ ਰਫ਼ਤਾਰ ਘੱਟ ਸਕਦੀ ਹੈ

ਇੱਕ ਖੋਜ ਅਧਿਐਨ ਮੁਤਾਬਕ ਜੇ ਤੇਲ ਦੀਆਂ ਕੀਮਤਾਂ ਮੱਧਮ ਸਮੇਂ (3-6 ਮਹੀਨੇ) ਤੱਕ $100-130 ਪ੍ਰਤੀ ਬੈਰਲ ਰਹਿੰਦੀਆਂ ਹਨ, ਤਾਂ ਭਾਰਤ ਦੀ GDP ਵਿਕਾਸ ਦਰ 0.5 ਤੋਂ 1.5 ਫ਼ੀਸਦੀ ਤੱਕ ਘੱਟ ਸਕਦੀ ਹੈ। ਰੁਪਿਆ 5-10 ਫ਼ੀਸਦੀ ਹੋਰ ਕਮਜ਼ੋਰ ਹੋ ਸਕਦਾ ਹੈ ਅਤੇ ਸਰਕਾਰੀ ਵਿੱਤੀ ਘਾਟਾ ਵਧ ਸਕਦਾ ਹੈ।

UBS ਸਿਕਿਉਰਿਟੀਜ਼ ਨੇ ਮਈ 2026 ਵਿੱਚ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ ਘਟਾ ਦਿੱਤਾ ਅਤੇ ਕਿਹਾ ਕਿ ਮੱਧ-ਪੂਰਬ ਦਾ ਸੰਘਰਸ਼ "ਇਤਿਹਾਸਕ ਤੌਰ 'ਤੇ ਵੱਡੀ ਊਰਜਾ ਸ਼ਾਕ" ਦਾ ਰੂਪ ਲੈ ਚੁੱਕਾ ਹੈ। ਭਾਰਤ ਦੇ ਮੁੱਖ ਆਰਥਿਕ ਸਲਾਹਕਾਰ V. ਅਨੰਤ ਨਾਗੇਸ਼ਵਰਨ ਨੇ ਚੇਤਾਵਨੀ ਦਿੱਤੀ ਕਿ ਵਪਾਰ ਘਾਟਾ ਅਗਲੇ ਵਿੱਤੀ ਸਾਲ ਵਿੱਚ "ਕਾਫ਼ੀ ਵੱਧ ਜਾਵੇਗਾ।"

ਇੱਕ ਛੋਟੇ ਟਕਰਾਅ ਦੌਰਾਨ ਵੀ ਤੇਲ ਦੀਆਂ ਕੀਮਤਾਂ 25-40 ਫ਼ੀਸਦੀ ਵਧ ਸਕਦੀਆਂ ਹਨ, ਜਿਸ ਨਾਲ ਮਹਿੰਗਾਈ ਵਧਦੀ ਹੈ ਅਤੇ ਚਾਲੂ ਖਾਤਾ ਘਾਟਾ (Current Account Deficit) ਡੂੰਘਾ ਹੁੰਦਾ ਹੈ। ਲੰਬੇ ਸਮੇਂ (12 ਮਹੀਨੇ ਤੋਂ ਵੱਧ) ਲਈ ਸੰਘਰਸ਼ ਜਾਰੀ ਰਹਿਣ ਦੀ ਸਥਿਤੀ ਵਿੱਚ ਨੀਤੀਗਤ ਬਫ਼ਰ — ਤੇਲ ਸਬਸਿਡੀਆਂ ਅਤੇ ਵਿਦੇਸ਼ੀ ਮੁਦਰਾ ਭੰਡਾਰ — ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ।

## ਨੌਕਰੀਆਂ ਅਤੇ ਨੌਜਵਾਨਾਂ ਦਾ ਭਵਿੱਖ: ਸਭ ਤੋਂ ਵੱਡਾ ਦਰਦ

ਭਾਰਤ ਵਿੱਚ 15 ਤੋਂ 29 ਸਾਲ ਦੀ ਉਮਰ ਦੇ ਲਗਭਗ 40 ਕਰੋੜ ਨੌਜਵਾਨ ਹਨ। ਇਨ੍ਹਾਂ ਲਈ ਖੇਤੀ ਤੋਂ ਬਾਹਰ ਨੌਕਰੀਆਂ ਪੈਦਾ ਕਰਨਾ ਸਰਕਾਰ ਦੀ ਸਭ ਤੋਂ ਵੱਡੀ ਚੁਣੌਤੀ ਹੈ। ਖਾੜੀ ਦੇਸ਼ਾਂ ਵਿੱਚ ਕੰਮ ਕਰਨਾ ਲੱਖਾਂ ਭਾਰਤੀਆਂ ਲਈ ਇੱਕ ਮਹੱਤਵਪੂਰਨ ਵਿਕਲਪ ਸੀ — ਪਰ ਹੁਣ ਉਹ ਦਰਵਾਜ਼ਾ ਤੰਗ ਹੋ ਰਿਹਾ ਹੈ।

ਭਾਰਤੀ ਉਦਯੋਗਪਤੀ ਐਸੋਸੀਏਸ਼ਨ ਦੇ ਰਾਸ਼ਟਰੀ ਚੇਅਰਮੈਨ K.E. ਰਘੂਨਾਥਨ ਨੇ ਕਿਹਾ: "ਇਹ ਸਿਰਫ਼ ਇੱਕ ਚੱਕਰਵਾਤੀ ਮੰਦੀ ਨਹੀਂ ਹੈ।" ਇਹ ਢਾਂਚਾਗਤ ਸੰਕਟ ਹੈ ਜੋ ਦੇਸ਼ ਵਿੱਚ ਰੁਜ਼ਗਾਰ ਵਾਂਝੇ ਨੌਜਵਾਨਾਂ ਦੀ ਗਿਣਤੀ ਵਧਾ ਸਕਦਾ ਹੈ।

ਘਰ ਵਾਪਸੀ ਕਰਨ ਵਾਲੇ ਮਜ਼ਦੂਰਾਂ ਲਈ ਦੇਸ਼ ਵਿੱਚ ਨੌਕਰੀਆਂ ਦੀ ਕਮੀ ਹੈ। ਖਾੜੀ ਤੋਂ ਵਾਪਸ ਆਏ ਮਜ਼ਦੂਰਾਂ ਦੇ ਪਰਿਵਾਰਾਂ ਦੀਆਂ ਆਮਦਨਾਂ ਡਿੱਗਣ ਨਾਲ ਪੇਂਡੂ ਖੇਤਰਾਂ ਵਿੱਚ ਖਰਚ ਘੱਟੇਗਾ, ਜੋ ਆਰਥਿਕਤਾ ਦੀ ਮੰਗ ਨੂੰ ਹੋਰ ਕਮਜ਼ੋਰ ਕਰੇਗਾ।

## ਸਪਲਾਈ ਚੇਨ ਅਤੇ ਵਪਾਰ: ਦੋਹਰੀ ਮਾਰ

ਈਰਾਨ ਜੰਗ ਨੇ ਭਾਰਤ ਦੀਆਂ ਸਪਲਾਈ ਚੇਨਾਂ ਨੂੰ ਵੀ ਡੂੰਘੀ ਸੱਟ ਮਾਰੀ ਹੈ। ਖਾੜੀ ਖੇਤਰ ਨੂੰ ਭਾਰਤੀ ਨਿਰਯਾਤ — ਕੱਪੜੇ, ਖਾਣੇ ਦੀਆਂ ਵਸਤਾਂ, ਦਵਾਈਆਂ — ਸਮੁੰਦਰੀ ਅਤੇ ਹਵਾਈ ਰਸਤਿਆਂ ਦੇ ਵਿਘਨ ਕਾਰਨ ਪ੍ਰਭਾਵਿਤ ਹੋਏ ਹਨ। ਸ਼ਿਪਿੰਗ ਲਾਗਤਾਂ ਵਧਣ ਨਾਲ ਨਿਰਯਾਤਕਾਰਾਂ ਦੀ ਮੁਨਾਫ਼ੇ ਦੀ ਸੀਮਾ ਘੱਟ ਹੋਈ ਹੈ।

ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਖਾਦਾਂ, ਪਲਾਸਟਿਕ, ਪੇਟਰੋਕੈਮੀਕਲ ਉਤਪਾਦਾਂ ਅਤੇ ਆਵਾਜਾਈ ਦੀਆਂ ਲਾਗਤਾਂ ਵਧੀਆਂ ਹਨ — ਜੋ ਖੇਤੀ ਤੋਂ ਲੈ ਕੇ ਉਦਯੋਗ ਤੱਕ ਹਰ ਖੇਤਰ ਨੂੰ ਪ੍ਰਭਾਵਿਤ ਕਰਦੀਆਂ ਹਨ।

ਭਾਰਤ ਨੇ ਅਪ੍ਰੈਲ 2026 ਤੱਕ ਖੁਰਾਕ ਸੁਰੱਖਿਆ ਦੇ ਨਾਲ-ਨਾਲ ਖਾਦਾਂ ਦੀ ਸੰਭਾਵਿਤ ਕਮੀ ਬਾਰੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ। ਖਾਦ ਦੀਆਂ ਕੀਮਤਾਂ ਵਧਣ ਨਾਲ ਕਿਸਾਨਾਂ 'ਤੇ ਬੋਝ ਹੋਰ ਵਧੇਗਾ।

## ਕੂਟਨੀਤਿਕ ਨੁਕਸਾਨ: ਭਾਰਤ ਹਾਸ਼ੀਏ 'ਤੇ

ਆਰਥਿਕ ਨੁਕਸਾਨ ਤੋਂ ਇਲਾਵਾ ਭਾਰਤ ਨੂੰ ਕੂਟਨੀਤਿਕ ਖੇਤਰ ਵਿੱਚ ਵੀ ਨੁਕਸਾਨ ਹੋਇਆ ਹੈ। ਭਾਰਤ ਨੇ ਖ਼ੁਦ ਨੂੰ ਤਟਸਥ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਇਸ ਵੇਲੇ ਪਾਕਿਸਤਾਨ ਇੱਕ ਮਹੱਤਵਪੂਰਨ ਵਿਚੋਲੀਏ ਵਜੋਂ ਉੱਭਰ ਰਿਹਾ ਹੈ — ਇੱਕ ਕੂਟਨੀਤਿਕ ਭੂਮਿਕਾ ਜਿਸ ਲਈ ਭਾਰਤ ਲੰਬੇ ਸਮੇਂ ਤੋਂ ਜਤਨ ਕਰਦਾ ਰਿਹਾ ਸੀ। ਵਿਰੋਧੀ ਧਿਰ ਨੇ ਮੋਦੀ ਸਰਕਾਰ 'ਤੇ ਭਾਰਤ ਦੀ ਕੂਟਨੀਤਿਕ ਤਟਸਥਤਾ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ।

ਪ੍ਰਧਾਨ ਮੰਤਰੀ ਮੋਦੀ ਨੇ ਸਮੁੱਚੀ ਸਥਿਤੀ ਨੂੰ "ਚਿੰਤਾਜਨਕ" ਦੱਸਿਆ। ਈਰਾਨ ਜੰਗ ਭਾਰਤ ਦੀ ਊਰਜਾ ਸੁਰੱਖਿਆ, ਰੈਮਿਟੈਂਸ ਅਤੇ ਭੂ-ਰਾਜਨੀਤਿਕ ਪ੍ਰਭਾਵ — ਤਿੰਨੇ ਪੱਖਾਂ ਤੋਂ ਭਾਰਤ ਨੂੰ ਇੱਕੋ ਵੇਲੇ ਕਮਜ਼ੋਰ ਕਰ ਰਹੀ ਹੈ।

## ਸਰਕਾਰ ਦੀ ਰਣਨੀਤੀ ਅਤੇ ਸੰਭਾਵਿਤ ਹੱਲ

ਸਰਕਾਰ ਨੇ ਕੁਝ ਕਦਮ ਚੁੱਕੇ ਹਨ — ਤੇਲ ਦੀਆਂ ਕੀਮਤਾਂ ਸਥਿਰ ਰੱਖਣ ਦੀ ਕੋਸ਼ਿਸ਼, ਰਣਨੀਤਿਕ ਪੈਟਰੋਲੀਅਮ ਭੰਡਾਰ ਖੋਲ੍ਹਣਾ ਅਤੇ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ। ਆਰਬੀਆਈ ਨੂੰ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਦਖ਼ਲ ਦੇ ਕੇ ਰੁਪਏ ਦੀ ਜ਼ਿਆਦਾ ਗਿਰਾਵਟ ਰੋਕਣ ਦੀ ਸਲਾਹ ਦਿੱਤੀ ਗਈ ਹੈ।

### ਮਾਹਰਾਂ ਦੀਆਂ ਸਿਫਾਰਸ਼ਾਂ:

ਊਰਜਾ ਸਰੋਤਾਂ ਦਾ ਵਿਵਿਧੀਕਰਨ: ਰੂਸ, ਅਫ਼ਰੀਕਾ ਅਤੇ ਅਮਰੀਕਾ ਤੋਂ ਵੱਧ ਤੇਲ ਖਰੀਦਣ ਦੀ ਕੋਸ਼ਿਸ਼।

ਤੇਲ ਹੈਜਿੰਗ ਵਧਾਉਣੀ: ਭਵਿੱਖ ਵਿੱਚ ਕੀਮਤਾਂ ਦੇ ਉਤਰਾਅ-ਚੜ੍ਹਾਅ ਤੋਂ ਸੁਰੱਖਿਆ ਲਈ।

ਨਵਿਆਉਣਯੋਗ ਊਰਜਾ ਵਿੱਚ ਤੇਜ਼ੀ: ਸੂਰਜੀ ਅਤੇ ਪੌਣ ਊਰਜਾ ਵਿੱਚ ਨਿਵੇਸ਼ ਵਧਾ ਕੇ ਲੰਬੇ ਸਮੇਂ ਦੀ ਨਿਰਭਰਤਾ ਘਟਾਉਣੀ।

ਘਰ ਵਾਪਸੀ ਮਜ਼ਦੂਰਾਂ ਲਈ ਰੋਜ਼ਗਾਰ ਨੀਤੀ: ਖਾੜੀ ਤੋਂ ਵਾਪਸ ਆਏ ਕਾਮਿਆਂ ਨੂੰ ਦੇਸ਼ ਵਿੱਚ ਹੀ ਰੁਜ਼ਗਾਰ ਦੇਣ ਲਈ ਵਿਸ਼ੇਸ਼ ਪੈਕੇਜ।

## ਭਾਰਤ ਲਈ ਸਬਕ

ਈਰਾਨ ਜੰਗ ਨੇ ਭਾਰਤ ਦੀਆਂ ਕਮਜ਼ੋਰੀਆਂ ਨੂੰ ਬੇਪਰਦਾ ਕਰ ਦਿੱਤਾ ਹੈ। ਖਾੜੀ ਦੇਸ਼ਾਂ 'ਤੇ ਊਰਜਾ ਅਤੇ ਰੈਮਿਟੈਂਸ ਦੋਹਾਂ ਲਈ ਬਹੁਤ ਜ਼ਿਆਦਾ ਨਿਰਭਰਤਾ ਇੱਕ ਖ਼ਤਰਨਾਕ ਸੁਮੇਲ ਸਾਬਤ ਹੋਈ ਹੈ।

ਇੱਕ ਵਿਸ਼ਲੇਸ਼ਕ ਦੇ ਸ਼ਬਦਾਂ ਵਿੱਚ: "ਭਾਰਤ ਇਸ ਜੰਗ ਵਿੱਚ ਇੱਕ ਵੱਡਾ ਹਾਰਨਹਾਰਾ ਹੈ — ਇੱਕ ਅਜਿਹੀ ਜੰਗ ਜੋ ਉਸਨੇ ਲੜੀ ਨਹੀਂ।"

ਹੁਣ ਭਾਰਤ ਸਾਹਮਣੇ ਚੁਣੌਤੀ ਸਿਰਫ਼ ਇਸ ਸੰਕਟ ਤੋਂ ਪਾਰ ਪਾਉਣ ਦੀ ਨਹੀਂ, ਸਗੋਂ ਭਵਿੱਖ ਵਿੱਚ ਅਜਿਹੇ ਝਟਕਿਆਂ ਤੋਂ ਬਚਾਅ ਲਈ ਆਪਣੀ ਊਰਜਾ ਨੀਤੀ, ਵਿਦੇਸ਼ ਨੀਤੀ ਅਤੇ ਰੁਜ਼ਗਾਰ ਨੀਤੀ ਨੂੰ ਮਜ਼ਬੂਤ ਕਰਨ ਦੀ ਵੀ ਹੈ। ਭਾਰਤ ਨੂੰ ਇੱਕ ਸਬਕ ਮਿਲਿਆ ਹੈ — ਮਹਿੰਗਾ, ਪਰ ਜ਼ਰੂਰੀ।

# ਦੋ ਮਹਾਂ ਸ਼ਕਤੀਆਂ ਵਿਚਕਾਰ ਦਹਾਕਿਆਂ ਪੁਰਾਣੇ ਵਿਰੋਧ ਦੀ ਕਹਾਣੀ




ਦੁਨੀਆ ਦੇ ਸਿਆਸੀ ਨਕਸ਼ੇ ਉੱਤੇ ਜੇ ਕੋਈ ਦੇਸ਼ ਅਮਰੀਕਾ ਨੂੰ ਸਭ ਤੋਂ ਵੱਧ ਚੁਭਦਾ ਰਿਹਾ ਹੈ, ਤਾਂ ਉਹ ਹੈ ਈਰਾਨ। ਮੱਧ ਪੂਰਬ ਦੇ ਇਸ ਦੇਸ਼ ਨਾਲ ਅਮਰੀਕਾ ਦੀ ਦੁਸ਼ਮਣੀ ਕੋਈ ਅਚਾਨਕ ਨਹੀਂ ਉਪਜੀ — ਇਸ ਦੀਆਂ ਜੜ੍ਹਾਂ ਕਈ ਦਹਾਕਿਆਂ ਦੇ ਇਤਿਹਾਸ, ਤੇਲ ਦੀ ਸਿਆਸਤ, ਧਾਰਮਿਕ ਵਿਚਾਰਧਾਰਾ ਅਤੇ ਭੂ-ਰਾਜਨੀਤਿਕ ਮੁਕਾਬਲੇ ਵਿੱਚ ਡੂੰਘੀਆਂ ਗੱਡੀਆਂ ਹਨ।

## 1979 ਦੀ ਇਸਲਾਮੀ ਕ੍ਰਾਂਤੀ — ਸ਼ੁਰੂਆਤ ਕਿੱਥੋਂ ਹੋਈ

1979 ਤੋਂ ਪਹਿਲਾਂ ਈਰਾਨ ਅਮਰੀਕਾ ਦਾ ਨਜ਼ਦੀਕੀ ਮਿੱਤਰ ਸੀ। ਸ਼ਾਹ ਰਜ਼ਾ ਪਹਿਲਵੀ ਅਮਰੀਕੀ ਸਮਰਥਨ ਨਾਲ ਸ਼ਾਸਨ ਕਰਦਾ ਸੀ। ਪਰ ਜਦੋਂ ਆਇਤੁੱਲਾ ਖੁਮੈਨੀ ਦੀ ਅਗਵਾਈ ਵਿੱਚ ਇਸਲਾਮੀ ਕ੍ਰਾਂਤੀ ਆਈ, ਤਾਂ ਸਭ ਕੁਝ ਬਦਲ ਗਿਆ। ਤਹਿਰਾਨ ਵਿੱਚ ਅਮਰੀਕੀ ਦੂਤਾਵਾਸ ਉੱਤੇ ਕਬਜ਼ਾ ਕਰ ਕੇ 444 ਦਿਨਾਂ ਤੱਕ ੫੨ ਅਮਰੀਕੀ ਬੰਧਕ ਬਣਾਏ ਗਏ। ਇਸ ਘਟਨਾ ਨੇ ਦੋਵਾਂ ਦੇਸ਼ਾਂ ਵਿਚਕਾਰ ਦਰਾਰ ਨੂੰ ਇੰਨੀ ਡੂੰਘੀ ਕਰ ਦਿੱਤਾ ਕਿ ਅਮਰੀਕਾ ਨੇ 1980 ਵਿੱਚ ਈਰਾਨ ਨਾਲ ਕੂਟਨੀਤਿਕ ਸੰਬੰਧ ਤੋੜ ਲਏ, ਜੋ ਅੱਜ ਤੱਕ ਬਹਾਲ ਨਹੀਂ ਹੋਏ।

## ਪਰਮਾਣੂ ਪ੍ਰੋਗਰਾਮ — ਸਭ ਤੋਂ ਵੱਡਾ ਕੰਡਾ

ਅਮਰੀਕਾ ਦੀ ਸਭ ਤੋਂ ਵੱਡੀ ਚਿੰਤਾ ਈਰਾਨ ਦਾ ਪਰਮਾਣੂ ਪ੍ਰੋਗਰਾਮ ਹੈ। ਈਰਾਨ ਕਹਿੰਦਾ ਹੈ ਕਿ ਉਹ ਪਰਮਾਣੂ ਊਰਜਾ ਸਿਰਫ਼ ਸ਼ਾਂਤੀਪੂਰਨ ਕੰਮਾਂ ਲਈ ਵਰਤਣਾ ਚਾਹੁੰਦਾ ਹੈ, ਪਰ ਅਮਰੀਕਾ ਅਤੇ ਇਜ਼ਰਾਈਲ ਨੂੰ ਖ਼ਦਸ਼ਾ ਹੈ ਕਿ ਅਸਲ ਮਕਸਦ ਪਰਮਾਣੂ ਬੰਬ ਬਣਾਉਣਾ ਹੈ। 2015 ਵਿੱਚ ਜਦੋਂ ਓਬਾਮਾ ਸਰਕਾਰ ਨੇ ਈਰਾਨ ਨਾਲ ਪਰਮਾਣੂ ਸਮਝੌਤਾ (JCPOA) ਕੀਤਾ, ਤਾਂ ਲੱਗਿਆ ਕਿ ਸ਼ਾਇਦ ਰਾਹ ਖੁੱਲ੍ਹੇ। ਪਰ 2018 ਵਿੱਚ ਟਰੰਪ ਨੇ ਉਸ ਸਮਝੌਤੇ ਤੋਂ ਪਿੱਛੇ ਹਟ ਕੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ, ਜਿਸ ਨਾਲ ਈਰਾਨ ਨੇ ਵੀ ਯੂਰੇਨੀਅਮ ਸੰਸ਼ੋਧਨ ਤੇਜ਼ ਕਰ ਦਿੱਤਾ।

## ਤੇਲ ਅਤੇ ਖਲੀਜ਼ ਦੀ ਸਿਆਸਤ

ਖਾੜੀ ਖੇਤਰ ਵਿੱਚ ਈਰਾਨ ਦੀ ਮੌਜੂਦਗੀ ਅਮਰੀਕਾ ਲਈ ਸਦਾ ਚੁਣੌਤੀ ਰਹੀ ਹੈ। ਹਰਮੁਜ਼ ਜਲਡਮਰੂਮੱਧ, ਜਿੱਥੋਂ ਦੁਨੀਆ ਦਾ ਪੰਜਵਾਂ ਹਿੱਸਾ ਤੇਲ ਲੰਘਦਾ ਹੈ, ਈਰਾਨ ਦੀ ਸਮੁੰਦਰੀ ਪਹੁੰਚ ਵਿੱਚ ਆਉਂਦਾ ਹੈ। ਈਰਾਨ ਨੇ ਕਈ ਵਾਰ ਇਸ ਰਸਤੇ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਹੈ। ਇਸ ਤੋਂ ਇਲਾਵਾ, ਸਾਊਦੀ ਅਰਬ, ਇਜ਼ਰਾਈਲ ਅਤੇ ਯੂਏਈ — ਅਮਰੀਕਾ ਦੇ ਮਿੱਤਰ ਦੇਸ਼ਾਂ — ਨਾਲ ਈਰਾਨ ਦੀ ਦੁਸ਼ਮਣੀ ਨੇ ਅਮਰੀਕਾ ਦੀਆਂ ਚਿੰਤਾਵਾਂ ਹੋਰ ਵਧਾ ਦਿੱਤੀਆਂ ਹਨ।

## ਪ੍ਰੌਕਸੀ ਜੰਗਾਂ ਅਤੇ ਖੇਤਰੀ ਪ੍ਰਭਾਵ

ਈਰਾਨ ਮੱਧ ਪੂਰਬ ਵਿੱਚ ਆਪਣੇ ਪ੍ਰਭਾਵ ਨੂੰ ਫੈਲਾਉਣ ਲਈ ਕਈ ਹਥਿਆਰਬੰਦ ਗਰੁੱਪਾਂ ਦਾ ਸਹਾਰਾ ਲੈਂਦਾ ਹੈ। ਲਿਬਨਾਨ ਵਿੱਚ ਹਿਜ਼ਬੁੱਲਾ, ਫਲਸਤੀਨ ਵਿੱਚ ਹਮਾਸ, ਇਰਾਕ ਵਿੱਚ ਸ਼ੀਆ ਮਿਲੀਸ਼ੀਆ ਅਤੇ ਯਮਨ ਵਿੱਚ ਹੂਤੀ — ਇਹ ਸਾਰੇ ਈਰਾਨੀ ਸਮਰਥਨ ਪ੍ਰਾਪਤ ਕਰਦੇ ਹਨ। ਅਮਰੀਕਾ ਇਸ ਨੂੰ ਆਪਣੇ ਅਤੇ ਇਜ਼ਰਾਈਲ ਵਿਰੁੱਧ ਸਿੱਧੀ ਚੁਣੌਤੀ ਮੰਨਦਾ ਹੈ।

## ਆਰਥਿਕ ਪਾਬੰਦੀਆਂ — ਅਮਰੀਕਾ ਦਾ ਹਥਿਆਰ

ਅਮਰੀਕਾ ਨੇ ਈਰਾਨ ਉੱਤੇ ਦਹਾਕਿਆਂ ਤੋਂ ਸਖ਼ਤ ਆਰਥਿਕ ਪਾਬੰਦੀਆਂ ਲਗਾਈਆਂ ਹੋਈਆਂ ਹਨ। ਤੇਲ ਨਿਰਯਾਤ, ਅੰਤਰਰਾਸ਼ਟਰੀ ਬੈਂਕਿੰਗ ਪ੍ਰਣਾਲੀ ਅਤੇ ਡਾਲਰ ਵਿੱਚ ਵਪਾਰ — ਇਹ ਸਭ ਪਾਬੰਦੀਆਂ ਨਾਲ ਪ੍ਰਭਾਵਿਤ ਹਨ। ਇਨ੍ਹਾਂ ਪਾਬੰਦੀਆਂ ਕਾਰਨ ਈਰਾਨੀ ਅਰਥਚਾਰਾ ਡਾਵਾਂਡੋਲ ਹੈ, ਪਰ ਈਰਾਨੀ ਸਰਕਾਰ ਆਪਣੀ ਵਿਚਾਰਧਾਰਾ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ। ਈਰਾਨ ਨੇ ਚੀਨ ਅਤੇ ਰੂਸ ਨਾਲ ਸੰਬੰਧ ਮਜ਼ਬੂਤ ਕਰਕੇ ਅਮਰੀਕੀ ਦਬਾਅ ਨੂੰ ਸਹਿਣ ਦੀ ਕੋਸ਼ਿਸ਼ ਕੀਤੀ ਹੈ।

## ਵਿਚਾਰਧਾਰਕ ਟਕਰਾਅ

ਦੋਵਾਂ ਵਿਚਕਾਰ ਟਕਰਾਅ ਸਿਰਫ਼ ਸਿਆਸੀ ਨਹੀਂ, ਸਗੋਂ ਵਿਚਾਰਧਾਰਕ ਵੀ ਹੈ। ਈਰਾਨੀ ਇਸਲਾਮੀ ਗਣਰਾਜ ਦੀ ਬੁਨਿਆਦ ਹੀ ਅਮਰੀਕੀ ਸਾਮਰਾਜਵਾਦ ਦਾ ਵਿਰੋਧ ਕਰਨ ਉੱਤੇ ਟਿਕੀ ਹੈ। ਦੂਜੇ ਪਾਸੇ, ਅਮਰੀਕਾ ਈਰਾਨ ਨੂੰ ਜਮਹੂਰੀਅਤ ਵਿਰੋਧੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਅਤੇ ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦੇਣ ਵਾਲਾ ਦੇਸ਼ ਦੱਸਦਾ ਹੈ। ਇਹ ਵਿਚਾਰਧਾਰਕ ਖਾਈ ਕਿਸੇ ਵੀ ਸਮਝੌਤੇ ਨੂੰ ਔਖਾ ਬਣਾਉਂਦੀ ਹੈ।

ਅੱਜ ਦੀ ਸਥਿਤੀ

ਅੱਜ 2026 ਵਿੱਚ ਵੀ ਇਹ ਟਕਰਾਅ ਜਾਰੀ ਹੈ। ਈਰਾਨ ਦਾ ਪਰਮਾਣੂ ਪ੍ਰੋਗਰਾਮ ਲਗਾਤਾਰ ਅੱਗੇ ਵਧ ਰਿਹਾ ਹੈ। ਯਮਨ ਵਿੱਚ ਹੂਤੀ ਖਾੜੀ ਸਮੁੰਦਰੀ ਮਾਰਗਾਂ ਨੂੰ ਚੁਣੌਤੀ ਦੇ ਰਹੇ ਹਨ। ਇਜ਼ਰਾਈਲ-ਫਲਸਤੀਨ ਸੰਘਰਸ਼ ਵਿੱਚ ਈਰਾਨ ਦੀ ਭੂਮਿਕਾ ਨੇ ਤਣਾਅ ਹੋਰ ਵਧਾਇਆ ਹੈ। ਅਮਰੀਕਾ ਅਤੇ ਈਰਾਨ ਵਿਚਕਾਰ ਕਦੇ-ਕਦੇ ਗੱਲਬਾਤ ਦੀਆਂ ਖ਼ਬਰਾਂ ਆਉਂਦੀਆਂ ਹਨ, ਪਰ ਕੋਈ ਠੋਸ ਨਤੀਜਾ ਨਹੀਂ ਨਿਕਲਦਾ।

ਈਰਾਨ ਅਤੇ ਅਮਰੀਕਾ ਵਿਚਕਾਰ ਦੁਸ਼ਮਣੀ ਕਿਸੇ ਇੱਕ ਕਾਰਨ ਦਾ ਨਤੀਜਾ ਨਹੀਂ। ਇਹ ਇਤਿਹਾਸਕ ਕੁੜੱਤਣ, ਪਰਮਾਣੂ ਡਰ, ਤੇਲ ਦੀ ਸਿਆਸਤ, ਵਿਚਾਰਧਾਰਕ ਵਿਰੋਧ ਅਤੇ ਖੇਤਰੀ ਦਬਦਬੇ ਦੀ ਲੜਾਈ ਦਾ ਮਿਲਿਆ-ਜੁਲਿਆ ਰੂਪ ਹੈ। ਜਦੋਂ ਤੱਕ ਦੋਵੇਂ ਧਿਰਾਂ ਆਪਸੀ ਵਿਸ਼ਵਾਸ ਅਤੇ ਕੂਟਨੀਤੀ ਦਾ ਰਾਹ ਨਹੀਂ ਫੜਦੀਆਂ, ਇਹ ਰੜਕ ਬਣੀ ਰਹੇਗੀ — ਅਤੇ ਦੁਨੀਆ ਇਸ ਦੀ ਕੀਮਤ ਚੁਕਾਉਂਦੀ ਰਹੇਗੀ।

# ਬੋਲਦੀਆਂ ਤਸਵੀਰਾਂ









# ਮਾਝਾ-ਦੁਆਬਾ

ਆਸ ਪਾਸ



## ਆਜ਼ਾਦ ਹੈਪੀ ਦੇ ਹੱਕ 'ਚ ਭੀਲੋਵਾਲ ਨੇ ਘਰ-ਘਰ ਜਾ ਕੇ ਵੋਟਾਂ ਮੰਗੀਆਂ



ਮਜੀਠਾ, 23 ਮਈ (ਅਸ਼ਵਨੀ ਨਈਅਰ): ਮਜੀਠਾ ਵਿਖੇ ਹੋ ਰਹੀਆਂ ਚੋਣਾਂ ਮੌਕੇ ਵਾਰਡ ਨੰਬਰ 2 ਤੋਂ ਆਪ ਦੇ ਉਮੀਦਵਾਰ ਆਜ਼ਾਦ ਸਿੰਘ ਹੈਪੀ ਦੇ ਹੱਕ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਸ਼ਿਵਰਾਜ ਸਿੰਘ ਬਾਠ ਭੀਲੋਵਾਲ ਨੇ ਆਪਣੇ ਸਾਥੀਆਂ ਸਮੇਤ ਘਰ-ਘਰ ਜਾ ਕੇ ਵੋਟਾਂ ਮੰਗੀਆਂ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨਾਲ ਰੂਬਰੂ ਹੋ ਕੇ ਉਨ੍ਹਾਂ ਨੂੰ 'ਆਪ' ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ ਅਤੇ ਆਪ ਦੇ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਲੋਕਾਂ ਨੂੰ ਸੰਬੋਧਨ ਕਰਦਿਆਂ ਸ਼ਿਵਰਾਜ ਸਿੰਘ ਬਾਠ ਭੀਲੋਵਾਲ ਨੇ ਕਿਹਾ ਕਿ ਪਿਛਲੀਆਂ ਰਿਵਾਇਤੀ ਪਾਰਟੀਆਂ ਦੇ ਰਾਜ ਦੌਰਾਨ ਪੰਜਾਬ ਦੇ ਕਿਸੇ ਵੀ ਪਿੰਡਾਂ ਜਾਂ ਸ਼ਹਿਰਾਂ ਵਿੱਚ ਕੋਈ ਵਿਕਾਸ ਹੋਇਆ। ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹਿੰਦੇ ਰਹੇ। ਪਰ ਭਗਵੰਤ ਸਿੰਘ ਮਾਨ ਦੀ ਆਪ ਸਰਕਾਰ ਆਉਣ ਤੋਂ ਬਾਅਦ ਪੰਜਾਬ ਵਿੱਚ ਵਿਕਾਸ ਜੰਗੀ ਪੱਧਰ 'ਤੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਉਹ ਕੰਮ ਕੀਤੇ ਹਨ ਜੋ ਪਿਛਲੀਆਂ ਸਰਕਾਰਾਂ ਨਾ ਤਾਂ ਕਰ ਸਕੀਆਂ ਅਤੇ ਨਾ ਹੀ ਉਨ੍ਹਾਂ ਨੇ ਇਸ ਬਾਰੇ ਸੋਚਿਆ ਹੋਵੇਗਾ। ਖਾਸ ਤੌਰ 'ਤੇ ਗਰੀਬ ਲੋਕਾਂ ਲਈ ਚੰਗੀਆਂ ਸਹੂਲਤਾਂ, ਸਿਹਤ, ਐਜੂਕੇਸ਼ਨ ਅਤੇ ਬੁਨਿਆਦੀ ਸਹੂਲਤਾ ਸ਼ਾਮਲ ਹਨ। ਭੀਲੋਵਾਲ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਵਾਰਡ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਗੇ ਇਸ ਮੌਕੇ ਉਨ੍ਹਾਂ ਦੇ ਨਾਲ ਕੁਲਵਿੰਦਰ ਸਿੰਘ ਮਿੱਠਾ (ਸਰਪੰਚ ਚੰਨਣਕੇ), ਬਲਾਕ ਸੰਮਤੀ ਮੈਂਬਰ ਪ੍ਰੇਮ ਸਿੰਘ ਸੋਨੀ ਕੱਥੂਨੰਗਲ, ਸਤਨਾਮ ਸਿੰਘ ਬਾਊ ਭੀਲੋਵਾਲ, ਮਹਿੰਦਰ ਸਿੰਘ ਕੱਥੂਨੰਗਲ, ਜਸਵਿੰਦਰ ਸਿੰਘ ਰੰਧਾਵਾ, ਪਲਵਿੰਦਰ ਸਿੰਘ, ਅਰਜਿੰਦਰ ਸਿੰਘ, ਲਵਜੀਤ ਸਿੰਘ ਭੀਲੋਵਾਲ, ਅਰਸ਼ਦੀਪ ਸਿੰਘ, ਹਰਜਿੰਦਰ ਸਿੰਘ, ਮੈਡਮ ਹਰਜੋਤਕਰਦੇ ਹੋ ਸ਼ਰਮਾ ਸਮੇਤ ਆਪ ਦੇ ਵੱਡੀ ਗਿਣਤੀ ਵਿੱਚ ਆਗੂ ਅਤੇ ਵਰਕਰ ਮੌਜੂਦ ਸਨ।

## ਸਰਕਾਰ ਦੁਆਰਾ ਪਾਸ ਕਾਨੂੰਨ ਵਿਚਲੀਆਂ ਊਣਤਾਈਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਾ ਪ੍ਰਚਾਰਕਾਂ ਦੀ ਵੱਡੀ ਜ਼ੁੰਮੇਵਾਰੀ : ਐਡਵੋਕੇਟ ਧਾਮੀ

### ਐਡਵੋਕੇਟ ਧਾਮੀ ਦੀ ਅਗਵਾਈ 'ਚ ਮਾਝੇ ਨਾਲ ਸਬੰਧਤ ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਦੀ ਹੋਈ ਇਕੱਤਰਤਾ



ਅੰਮ੍ਰਿਤਸਰ, 23 ਮਈ (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੱਜ ਮਾਝੇ ਨਾਲ ਸਬੰਧਤ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਿੰਘਾਂ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ 2026" ਵਿਚ ਦਰਜ ਉਨ੍ਹਾਂ ਮੱਦਾਂ ਜੋ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲੋਂ ਦੂਰ ਕਰਨ ਦਾ ਕਾਰਨ ਬਣਨਗੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ 31 ਮਈ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਬੁਲਾਈ ਗਈ ਪੰਥਕ ਕਾਨਫ਼ਰੰਸ ਵਿਚ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਦੀ ਭਰਵੀਂ ਸ਼ਮੂਲੀਅਤ ਲਈ ਪ੍ਰਚਾਰਕ ਸਿੰਘਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਨਾਂ 'ਤੇ ਬਣਾਏ ਗਏ ਇਸ ਕਾਨੂੰਨ ਵਿਚ ਕਸਟੋਡੀਅਨ ਸ਼ਬਦ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਿਆਂ ਨੂੰ ਵੀ ਦੋਸ਼ੀ ਠਹਿਰਾਏ ਜਾਣਾ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਲਿਆਂਦਾ ਗਿਆ ਇਹ ਕਾਨੂੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ-ਘਰ ਅੰਦਰ ਧਰਮਸ਼ਾਲ ਦੇ ਸਿਧਾਂਤ ਵਿਰੁੱਧ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲੋਂ ਤੋੜਨ ਦਾ ਇਕ ਯਤਨ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਇਸ ਗੱਲ ਤੋਂ ਵੀ ਸਪੱਸ਼ਟ ਹੁੰਦੀ ਹੈ ਕਿ ਵਿਧਾਨ ਸਭਾ ਵਿਚ ਪੇਸ਼ ਕਾਨੂੰਨ ਦਾ ਖਰੜਾ ਅੰਗਰੇਜ਼ੀ ਭਾਸ਼ਾ ਵਿਚ ਸੀ ਅਤੇ ਹੁਣ ਤੱਕ ਸਰਕਾਰ ਨੇ ਇਸ ਦਾ ਪੰਜਾਬੀ ਵਿਚ ਅਨੁਵਾਦ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਜਲੰਧਰ ਵਿਚ ਬੀਤੇ ਦਿਨ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਜਾਣਕਾਰੀ ਦੇਣ ਵਾਲਿਆਂ ਨੂੰ ਅੰਦਰ ਰੱਖ ਕੇ ਸਖ਼ਤ ਪੁੱਛਗਿੱਛ ਕੀਤੀ ਗਈ ਕਿ ਇਹ ਸੰਗਤਾਂ ਅੰਦਰ ਡਰ ਪੈਦਾ ਕਰਨ ਵਾਲਾ ਰੁਝਾਨ ਨਹੀਂ ? ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਲਿਆਂਦੇ ਇਸ ਕਾਨੂੰਨ ਵਿਚਲੀਆਂ ਊਣਤਾਈਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਾ ਪ੍ਰਚਾਰਕ ਸ਼੍ਰੇਣੀ ਦੀ ਵੱਡੀ ਜ਼ੁੰਮੇਵਾਰੀ ਹੈ। ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਸ. ਜਸਪਾਲ ਸਿੰਘ ਅਤੇ ਵੱਡੀ ਗਿਣਤੀ 'ਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਿੰਘ ਵੀ ਮੌਜੂਦ ਸਨ।

## 26 ਮਈ ਨੂੰ ਐਲਾਨਿਆ ਡਰਾਈ ਡੇਅ

### ਸ਼ਾਂਤੀ ਪੂਰਵਕ ਚੋਣਾਂ ਨੇਪਰੇ ਚਾੜ੍ਹਨ ਲਈ ਕੀਤਾ ਗਿਆ ਇਹ ਫੈਸਲਾ : ਜਤਿੰਦਰ ਸਿੰਘ ਜੋਰਵਾਲ

ਅੰਮ੍ਰਿਤਸਰ, 23 ਮਈ ( ਬਬਲੂ ਮਹਾਜਨ ) :ਪੰਜਾਬ ਵਿੱਚ ਹੋ ਰਹੀਆਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਜ਼ਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਸਬੰਧੀ ਐਕਸਾਈਜ਼ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਚੋਣਾਂ ਵਾਲੇ ਇਲਾਕਿਆਂ ਵਿੱਚ 26 ਮਈ 2026 ਨੂੰ ਡਰਾਈ ਡੇਅ ਘੋਸ਼ਿਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਡਰਾਈ ਡੇ ਦੌਰਾਨ ਸੰਬੰਧਿਤ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਅਧਿਕਾਰ ਖੇਤਰਾਂ ਵਿੱਚ ਸ਼ਰਾਬ ਦੀ ਵਿਕਰੀ, ਵੰਡ ਅਤੇ ਸੇਵਨ 'ਤੇ ਪੂਰਨ ਪਾਬੰਦੀ ਰਹੇਗੀ। ਇਸ ਦਿਨ ਸਾਰੇ ਠੇਕੇ, ਅਹਾਤੇ, ਬਾਰ, ਹੋਟਲਾਂ ਵਿੱਚ ਸਥਿਤ ਬਾਰ ਅਤੇ ਹੋਰ ਸ਼ਰਾਬ ਵੇਚਣ ਵਾਲੇ ਸਥਾਨ ਬੰਦ ਰਹਿਣਗੇ।ਐਕਸਾਈਜ਼ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਕਾਨੂੰਨ-ਵਿਵਸਥਾ ਬਣਾਈ ਰੱਖਣ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਗਤੀਵਿਧੀਆਂ ਨੂੰ ਰੋਕਣ ਲਈ ਇਹ ਫੈਸਲਾ ਲਿਆ ਗਿਆ ਹੈ। ਇਸ ਦਿਨ ਸਾਰੇ ਠੇਕੇ, ਅਹਾਤੇ, ਬਾਰ, ਹੋਟਲਾਂ ਵਿੱਚ ਸਥਿਤ ਬਾਰ ਅਤੇ ਹੋਰ ਸ਼ਰਾਬ ਵੇਚਣ ਵਾਲੇ ਸਥਾਨ ਬੰਦ ਰਹਿਣਗੇ।ਐਕਸਾਈਜ਼ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਕਾਨੂੰਨ-ਵਿਵਸਥਾ ਬਣਾਈ ਰੱਖਣ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਗਤੀਵਿਧੀਆਂ ਨੂੰ ਰੋਕਣ ਲਈ ਇਹ ਫੈਸਲਾ ਲਿਆ ਗਿਆ ਹੈ।ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਡਰਾਈ ਡੇ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਸਮੂਹ ਲਾਇਸੰਸੀ ਹੋਲਡਰਾਂ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਅਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣ ਵਿੱਚ ਸਹਿਯੋਗ ਦੇਣ।

## ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਕਾਰਵਾਈ ਨਾ ਕੀਤੀ ਗਈ ਤਾਂ ਬਾਰ ਐਸੋਸੀਏਸ਼ਨ ਕਰੇਗੀ ਪ੍ਰਸ਼ਾਸਨ ਖਿਲਾਫ ਪ੍ਰਦਰਸ਼ਨ : ਨਿੱਝਰ



ਅਜਨਾਲਾ, 23 ਮਈ (ਸੁਖਦੇਵ ਸਿੰਘ ਖਾਲਸਾ) ਅਜਨਾਲਾ ਬਾਰ ਐਸੋਸੀਏਸ਼ਨ ਦੀ ਕਾਰਜਕਾਰੀ ਸੰਸਥਾ ਦੀ ਇੱਕ ਮੀਟਿੰਗ ਅੱਜ ਪ੍ਰਧਾਨ ਹਰਪਾਲ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਹੋਈ । ਜਿਸ ਵਿੱਚ ਦੋ ਸਾਥੀ ਵਕੀਲਾਂ, ਸੁਖਨੀਪ ਸਿੰਘ ਅਤੇ ਸੁਖਮਨਪ੍ਰੀਤ ਸਿੰਘ ਦੇ ਪਿਤਾ ਦੇ ਮੰਦਭਾਗੇ ਅਤੇ ਦੁਖਦਾਈ ਕਤਲ ਤੇ ਚਰਚਾ ਕੀਤੀ ਗਈ ਕਿ ਮਿਤੀ 16-04-2026 ਨੂੰ ਉਕਤ ਵਕੀਲਾਂ ਦੇ ਪਿਤਾ ਦਾ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਅਤੇ 16.04.2026 ਨੂੰ ਐਫਆਈਆਰ ਨੰਬਰ 67 ਦਰਜ ਹੋਣ ਦੇ ਬਾਵਜੂਦ ਸਾਰੇ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।ਜਿਸ ਦੇ ਵਿਰੋਧ ਚ ਬਾਰ ਐਸੋਸੀਏਸ਼ਨ ਅਜਨਾਲਾ ਵੱਲੋਂ ਹਰਪਾਲ ਸਿੰਘ ਨਿੱਝਰ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਐਤਵਾਰ 24 ਮਈ ਤੱਕ ਗ੍ਰਿਫ਼ਤਾਰ ਕਰਕੇ ਉਨ੍ਹਾਂ ਵਿਰੁੱਧ ਬਣਦੀ ਕਾਰਵਾਈ ਨਾ ਕੀਤੀ ਗਈ ਤਾਂ ਅਜਨਾਲਾ ਬਾਰ ਐਸੋਸੀਏਸ਼ਨ ਅਣਮਿੱਥੇ ਸਮੇਂ ਲਈ ਹੜਤਾਲ ਤੇ ਜਾਣ ਲਈ ਮਜਬੂਰ ਹੋਵੇਗੀ ਅਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਜਨਤਕ ਤੌਰ ਤੇ ਪ੍ਰਦਰਸ਼ਨ ਵੀ ਕੀਤਾ ਜਾਵੇਗਾ । ਇਸ ਮੌਕੇ ਸੁਖਚਰਨਜੀਤ ਸਿੰਘ ਵਿੱਕੀ ਸੈਕਟਰੀ ਬਾਰ ਐਸੋਸੀਏਸ਼ਨ ਅਜਨਾਲਾ, ਅਰਵਿੰਦਰ ਸਿੰਘ ਮਾਨ, ਐਡਵੋਕੇਟ ਸੁਖਨੀਪ ਸਿੰਘ, ਗੁਰਪ੍ਰੀਤ ਸਿੰਘ ਜੌਹਲ, ਰੁਪਿੰਦਰ ਸਿੰਘ ਸੰਧੂ, ਨਵਦੀਪ ਸਿੰਘ ਗਿੱਲ, ਰਮਨਦੀਪ ਸ਼ਰਮਾ, ਸੰਦੀਪ ਬਲਾਗਨ ਵੀਂ ਮੌਜੂਦ ਸਨ ।

## ਬਿਨਾਂ ਕਾ.ਗਜ਼ਾਤ ਚੱਲ ਰਹੀਆਂ ਸਕੂਲੀ ਬੱਸਾਂ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ



ਬਾਬਾ ਬਕਾਲਾ ਸਾਹਿਬ, 23 ਮਈ (ਬਲਰਾਜ ਸਿੰਘ ਰਾਜਾ) : ਸਬ ਡਿਵੀਜ਼ਨ ਬਾਬਾ ਬਕਾਲਾ ਵਿਚ ਪ੍ਰਾਈਵੇਟ ਸਕੂਲਾਂ ਵਿਚ ਸਮਾ ਲੰਘਾਂ ਚੁੱਕੀਆਂ ਬੱਸਾਂ ਵਿਚ ਵੱਡੀ ਗਿਣਤੀ ਵਿਚ ਬੱਚੇ ਲਿਜਾ ਕੇ ਬੱਚਿਆ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਸਬੰਧੀ ਪਤਾ ਲੱਗਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਬ ਡਿਵੀਜ਼ਨ ਬਾਬਾ ਬਕਾਲਾ ਵਿਚ ਕਈ ਦਰਜਨਾਂ ਦੇ ਕਰੀਬ ਪ੍ਰਾਈਵੇਟ ਸਕੂਲ ਹਨ ਜਿਨ੍ਹਾਂ ਵਿਚ ਬਹੁਤੀਆਂ ਬੱਸਾਂ ਟਰਾਂਸਪੋਰਟ ਵਿਭਾਗ ਤੋ ਪਾਸ ਹੀ ਨਹੀਂ ਹਨ ਅਤੇ ਆਰ ਸੀ ਮਿਆਦ ਵੀ ਖ਼ਤਮ ਹੋ ਚੁੱਕੀ ਹੈ ਜਿਨ੍ਹਾਂ ਵਿਚ ਸਕੂਲੀ ਬੱਚਿਆ ਦੀ ਢੋਆ-ਢੁਆਈ ਕਰ ਰਹੀਆਂ ਹਨ। ਅੱਜ ਜ਼ੀਨਤ ਪਬਲਿਕ ਸਕੂਲਾਂ ਵਡਾਲਾ ਰਈਆ ਦੀ ਬੱਸ ਜਿਸ ਦਾ ਨੰਬਰ ਪੀ ਬੀ 11 ਸੀ ਐੱਫ 2697 ਜਿਸ ਵਿਚ ਚਾਲੀ ਦੇ ਕਰੀਬ ਬੱਚੇ ਬਿਠਾਏ ਹੋਏ ਸਨ ਅਤੇ ਪਿੰਡ ਦਨਿਆਲ ਸਕੂਲ ਕੋਲ ਇਕ ਕਾਰ ਵਾਲੇ ਨੂੰ ਟੱਕਰ ਮਾਰੀ ਜਿਸ ਦੇ ਝਗੜੇ ਦੌਰਾਨ ਪਤਾ ਲੱਗਾ ਕਿ ਸਕੂਲ ਬੱਸ ਜੋ ਕਿ 2019 ਤੱਕ ਆਰ ਟੀ ਉ ਦਫ਼ਤਰ ਪਟਿਆਲਾ ਤੋ ਪਾਸ ਸੀ ਉਸ ਤੋ ਬਾਅਦ ਉਸ ਦਾ ਕੋਈ ਟੈਕਸ ਨਹੀਂ ਤਾਰਿਆ ਗਿਆ।ਇਸ ਬੱਸ ਦਾ ਡਰਾਈਵਰ ਬਿਨਾਂ ਵਰਦੀ ਅਤੇ ਚੱਪਲਾਂ ਵਿਚ ਬੱਸ ਚਲਾਕੇ ਬੱਚਿਆ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਿਹਾ ਸੀ।ਇਸੇ ਤਰ੍ਹਾਂ ਇਸ ਸਕੂਲ ਵਿਚ ਇਕ ਅਜਿਹਾ ਡਰਾਈਵਰ ਵੀ ਰੱਖਿਆ ਗਿਆ ਹੈ ਜਿਸ ਦਾ ਇਕ ਹੱਥ ਹੀ ਨਹੀਂ ਹੈ।ਪਿੰਡ ਦਨਿਆਲ ਦੇ ਲੋਕਾਂ ਬੱਸ ਅਤੇ ਡਰਾਈਵਰ ਨੂੰ ਪੁਲੀਸ ਥਾਣਾ ਖਲਚੀਆ ਦੇ ਹਵਾਲੇ ਕਰ ਦਿੱਤਾ ਗਿਆ ਹੈ। ਜ਼ੀਨਤ ਪਬਲਿਕ ਸਕੂਲ ਵਡਾਲਾ ਜੋ ਕਿ ਸੀ ਬੀ ਐੱਸ ਈ ਦਿਲੀ ਤੋ ਕੋਡ ਨੰਬਰ 1631194 ਤਹਿਤ ਰਜਿਸਟਰਡ ਹੈ। ਬੋਰਡ ਵੱਲੋਂ ਸਕੂਲ ਦੀ ਰਜਿਸਟਰੇਸ਼ਨ ਕਰਨ ਸਮੇਂ ਬੱਚਿਆ ਦੀ ਢੋਆ ਢੁਆਈ ਲਈ ਸ਼ਰਤਾਂ ਤਹਿ ਕੀਤੀ ਹੁੰਦੀਆਂ ਹਨ।ਇਸ ਸਬੰਧੀ ਸਕੂਲ ਦੇ ਮਾਲਕ ਹਰਿੰਦਰ ਸਿੰਘ ਨੇ ਆਪਣਾ ਪੱਖ ਸਪਸ਼ਟ ਕਰਦਿਆਂ ਕਿਹਾ ਕਿ ਇਹ ਬੱਸ ਠੇਕੇ ਉੱਤੇ ਰੱਖੀ ਗਈ ਸੀ ਇਸ ਦੇ ਕਾ.ਗਜ਼ਾਤ ਖ਼ਤਮ ਹੋਣ ਸਬੰਧੀ ਕਿਹਾ ਕਿ ਇਹ ਬੱਸ ਹੁਣ ਕੁਝ ਦਿਨ ਹੀ ਚਲਾਉਣੀ ਸੀ।ਬੱਚਿਆ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਸਬੰਧੀ ਕੋਈ ਜਵਾਬ ਨਾ ਦੇ ਸਕੇ। ਇਸ ਸਬੰਧੀ ਆਰ ਟੀ ਉ ਖ਼ੁਸ਼ਦਿਲ ਸਿੰਘ ਨਾਲ ਵਾਰ ਵਾਰ ਫ਼ੋਨ ਕਰਨ ਤੇ ਕੋਈ ਜਵਾਬ ਨਹੀਂ ਦਿੱਤਾ। ਇਸ ਸਬੰਧੀ ਐੱਸ ਡੀ ਐੱਮ ਬਾਬਾ ਬਕਾਲਾ ਜਸ਼ਨਜੀਤ ਸਿੰਘ ਨੇ ਕਿਹਾ ਕਿ ਇਸ ਸਬੰਧੀ ਕਾਰਵਾਈ ਕੀਤੀ ਜਾਵੇਗੀ।ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਸੁਹੇਲ ਮੀਰ ਦੇ ਧਿਆਨ ਵਿਚ ਲਿਆਉਣ ਤੇ ਉਨ੍ਹਾਂ ਕਿਹਾ ਕੇ ਜਾਚ ਮੁਕੰਮਲ ਕਰਨ ਤੇ ਸਕੂਲ ਮਾਲਕ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਲਵਿੰਦਰ ਜੀਤ ਸਿੰਘ ਨੇ ਗੱਲਬਾਤ ਕਰ ਦੀਆਂ ਕਿਹਾ ਕਿ ਆਰ ਟੀ ਅੰਮ੍ਰਿਤਸਰ ਨੂੰ ਆਰਡਰ ਕਰ ਦਿੱਤੇ ਹਨ ਸਕੂਲ ਮਾਲਕ ਵਿਰੁੱਧ ਕਾ.ਗਜ਼ਾਤ ਦੀ ਪੜਤਾਲ ਕਰਨ ਉਪਰੰਤ ਕਾਰਵਾਈ ਕੀਤੀ ਜਾਵੇ।

## ਗਲੀ ਵਿੱਚ ਗੇਟ ਲਗਾਉਣ ਨੂੰ ਲੈ ਕੇ ਦੋ ਧਿਰਾਂ ਭਿੜੀਆਂ

### ਹਵਾ ਵਿੱਚ ਕੀਤੇ ਫਾਇਰ 100 ਸਾਲ ਪੁਰਾਣੀ ਬੰਦ ਕੰਧ ਨੂੰ ਖੋਲ੍ਹਣ ਦੇ ਵਿਵਾਦ ਨੇ ਫੜਿਆ ਤੂਲ



ਅੰਮ੍ਰਿਤਸਰ, 23 ਮਈ (ਬਬਲੂ ਮਹਾਜਨ): ਸ਼ਹੀਦਾਂ ਸਾਹਿਬ ਨਜ਼ਦੀਕ ਕਰੋੜੀ ਚੌਂਕ ਇਲਾਕੇ ਵਿੱਚ ਇੱਕ ਬੰਦ ਗਲ਼ੀ ਵਿੱਚੋਂ ਦਰਵਾਜ਼ਾ ਕੱਢਣ ਦੇ ਵਿਵਾਦ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਤਣਾਅਪੂਰਨ ਝੜਪ ਹੋ ਗਈ। ਮਾਮਲਾ ਉਸ ਸਮੇਂ ਹੋਰ ਗੰਭੀਰ ਹੋ ਗਿਆ, ਜਦੋਂ ਇੱਕ ਧਿਰ ਦੇ ਵਿਅਕਤੀ ਵੱਲੋਂ ਆਪਣੇ ਬਚਾਅ ਲਈ ਹਵਾ ਵਿੱਚ ਫਾਇਰ ਕਰਨ ਦੀ ਗੱਲ ਸਾਹਮਣੇ ਆਈ। ਘਟਨਾ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।ਇੱਕ ਧਿਰ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵਿਵਾਦਿਤ ਕੰਧ ਕਰੀਬ 100 ਸਾਲ ਪੁਰਾਣੀ ਹੈ ਅਤੇ ਇਹ ਹਮੇਸ਼ਾ ਤੋਂ ਬੰਦ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਹਮਣੇ ਵਾਲੇ ਪੱਖ ਨੇ ਹਾਲ ਹੀ ਵਿੱਚ ਇੱਕ ਮਕਾਨ ਖਰੀਦਿਆ ਅਤੇ ਬੰਦ ਕੰਧ ਨੂੰ ਤੋੜ ਕੇ ਗਲੀ ਵੱਲ ਦਰਵਾਜ਼ਾ ਕੱਢਣ ਦੀ ਕੋਸ਼ਿਸ਼ ਕੀਤੀ। ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਸ਼ਾਂਤੀਪੂਰਨ ਢੰਗ ਨਾਲ ਇਸ ਦਾ ਵਿਰੋਧ ਕੀਤਾ ਅਤੇ ਸਿਰਫ ਇਹ ਮੰਗ ਕੀਤੀ ਕਿ ਜੇ ਦਰਵਾਜ਼ਾ ਕੱਢਣਾ ਹੈ ਤਾਂ ਆਪਣੇ ਨਿੱਜੀ ਹਿੱਸੇ ਵੱਲੋਂ ਕੱਢਿਆ ਜਾਵੇ, ਨਾ ਕਿ ਸਾਂਝੇ ਲਾਂਘੇ ਵੱਲ।ਉਨ੍ਹਾਂ ਅਨੁਸਾਰ ਕੁਝ ਦਿਨ ਪਹਿਲਾਂ ਵੀ ਕੰਧ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਨੂੰ ਰੋਕ ਦਿੱਤਾ ਗਿਆ ਸੀ। ਇਸ ਤੋਂ ਬਾਅਦ ਦੂਜੇ ਪੱਖ ਵੱਲੋਂ ਕੁਝ ਵਿਅਕਤੀਆਂ ਅਤੇ ਨਿਹੰਗ ਸਿੰਘਾਂ ਨੂੰ ਬੁਲਾਇਆ ਗਿਆ ਅਤੇ ਮੁੜ ਕੰਧ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਤਕਰਾਰ ਅਤੇ ਧੱਕਾ-ਮੁੱਕੀ ਹੋਈ।ਪਰਿਵਾਰਕ ਮੈਂਬਰਾਂ ਦਾ ਦਾਅਵਾ ਹੈ ਕਿ 14-15 ਵਿਅਕਤੀ ਕਿਰਪਾਨਾਂ ਨਾਲ ਮੌਕੇ ਤੇ ਪਹੁੰਚੇ ਅਤੇ ਇੱਕ ਵਿਅਕਤੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਸ ਨੇ ਸਵੈ-ਰੱਖਿਆ ਲਈ ਹਵਾ ਵਿੱਚ ਫਾਇਰ ਕਰਕੇ ਲੋਕਾਂ ਨੂੰ ਦੂਰ ਰਹਿਣ ਦੀ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਨਿਸ਼ਾਨਾ ਬਣਾ ਕੇ ਗੋਲੀ ਨਹੀਂ ਚਲਾਈ ਗਈ ਅਤੇ ਨਾ ਹੀ ਕਿਸੇ ਨੂੰ ਸੱਟ ਪਹੁੰਚੀ ਹੈ।ਦੂਜੇ ਪਾਸੇ ਇੱਕ ਨੌਜਵਾਨ ਨੇ ਦੱਸਿਆ ਕਿ ਮਾਮਲੇ ਨੂੰ ਆਪਸੀ ਗੱਲਬਾਤ ਨਾਲ ਸੁਲਝਾਇਆ ਜਾ ਸਕਦਾ ਸੀ ਪਰ ਵਿਵਾਦ ਵਧਦਾ ਗਿਆ। ਉਸ ਨੇ ਦਾਅਵਾ ਕੀਤਾ ਕਿ ਕੁਝ ਦਿਨ ਪਹਿਲਾਂ ਨਗਰ ਨਿਗਮ ਦੇ ਅਧਿਕਾਰੀਆਂ ਨੇ ਵੀ ਮੌਕੇ ਦਾ ਦੌਰਾ ਕਰਕੇ ਕੰਧ ਨਾ ਤੋੜਨ ਦੀ ਹਦਾਇਤ ਦਿੱਤੀ ਸੀ। ਉਸ ਦੇ ਅਨੁਸਾਰ ਬਾਅਦ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੌਕੇ ਤੇ ਪਹੁੰਚੇ ਅਤੇ ਤਣਾਅ ਪੈਦਾ ਹੋ ਗਿਆ। ਉਸ ਨੇ ਕਿਹਾ ਕਿ ਸਾਰੀ ਘਟਨਾ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋਈ ਹੈ।ਉੱਧਰ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਬੀ ਡਿਵੀਜ਼ਨ ਦੇ ਐਸਐਚਓ ਬਲਜਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੁਲਿਸ ਨੂੰ ਫਾਇਰਿੰਗ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕੀਤੀ ਗਈ।

## ਖ਼ਾਲਸਾ ਕਾਲਜ ਗਰਲਜ਼ ਸੀ: ਸੈਕੰ: ਸਕੂਲ ਦੀਆਂ ਵਿਦਿਆਰਥਣਾਂ ਦਾ ਕਰਾਟੇ 'ਚ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ, 23 ਮਈ (ਗੁਰਦਿਆਲ ਸਿੰਘ) : ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਅਨੁਸ਼ਾਸਨ, ਹੁਨਰ ਅਤੇ ਜੋਸ਼ ਦੇ ਯਾਦਗਾਰ ਸ਼ਾਨਦਾਰ ਪ੍ਰਦਰਸ਼ਨ ਸਦਕਾ ਜ਼ਿਲ੍ਹਾ ਕਰਾਟੇ ਚੈਂਪੀਅਨਸ਼ਿਪ-2026 ਦੀਆਂ ਵੱਖ-ਵੱਖ ਸ਼੍ਰੇਣੀਆਂ 'ਚ ਸੋਨੇ, ਚਾਂਦੀ ਅਤੇ ਕਾਂਸੇ ਦੇ ਤਮਗੇ ਪ੍ਰਾਪਤ ਕਰਕੇ ਸਕੂਲ, ਮਾਪਿਆਂ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਇਹ ਚੈਂਪੀਅਨਸ਼ਿਪ ਕਰਾਟੇ ਡੂ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਟਾਊਨ ਹਾਲ ਸਕੂਲ, ਮਾਲ ਮੰਡੀ, ਅੰਮ੍ਰਿਤਸਰ ਵਿਖੇ ਕਰਵਾਈ ਗਈ।ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ 8ਵੀਂ-ਡੀ ਦੀ ਮਹਿਕ ਅਤੇ 10ਵੀਂ-ਈ ਦੀ ਸਿਮਰਨ ਨੇ ਸੋਨੇ ਦਾ ਤਮਗਾ ਜਿੱਤ ਕੇ ਸਕੂਲ ਦਾ ਝੰਡਾ ਬੁਲੰਦ ਕੀਤਾ।ਉਨ੍ਹਾਂ ਕਿਹਾ ਕਿ ਹੋਰਨਾਂ 'ਚ 12ਵੀਂ-ਐੱਫ ਦੀ ਮੁਸਕਾਨ ਨੇ ਚਾਂਦੀ ਅਤੇ 10ਵੀਂ-ਈ ਦੀ ਨੇਹਾ ਕੁਮਾਰੀ ਅਤੇ 7ਵੀਂ-ਸੀ ਦੀ ਰੇਣੂਕਾ ਨੇ ਕਾਂਸੇ ਦੇ ਤਮਗੇ ਜਿੱਤ ਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਪ੍ਰਿੰ: ਸ੍ਰੀਮਤੀ ਨਾਗਪਾਲ ਅਤੇ ਸਮੁੱਚੇ ਸਟਾਫ਼ ਨੇ ਸਮੂਹ ਤਮਗਾ ਜੇਤੂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੋਚਿੰਗ ਸਟਾਫ਼ ਦੀ ਅਣਥੱਕ ਮਿਹਨਤ ਪ੍ਰਤੀ ਡੂੰਘੀ ਸ਼ੁਕਰਗੁਜ਼ਾਰੀ ਨੂੰ ਜਾਹਿਰ ਕੀਤਾ। ਪ੍ਰਿੰ: ਨਾਗਪਾਲ ਨੇ ਕਿਹਾ ਕਿ ਸਕੂਲ ਆਪਣੀਆਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ 'ਚ ਵੀ ਉੱਤਮਤਾ ਲਈ ਪ੍ਰੇਰਿਤ ਕਰਦਾ ਹੈ।ਇਸ ਮੌਕੇ ਪ੍ਰਿੰ: ਸ੍ਰੀਮਤੀ ਨਾਗਪਾਲ ਅਤੇ ਸਮੁੱਚੇ ਸਟਾਫ਼ ਨੇ ਸਮੂਹ ਤਮਗਾ ਜੇਤੂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੋਚਿੰਗ ਸਟਾਫ਼ ਦੀ ਅਣਥੱਕ ਮਿਹਨਤ ਪ੍ਰਤੀ ਡੂੰਘੀ ਸ਼ੁਕਰਗੁਜ਼ਾਰੀ ਨੂੰ ਜਾਹਿਰ ਕੀਤਾ। ਪ੍ਰਿੰ: ਨਾਗਪਾਲ ਨੇ ਕਿਹਾ ਕਿ ਸਕੂਲ ਆਪਣੀਆਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ 'ਚ ਵੀ ਉੱਤਮਤਾ ਲਈ ਪ੍ਰੇਰਿਤ ਕਰਦਾ ਹੈ।

## ਕੇਂਦਰੀ ਵਿਧਾਨ ਸਭਾ ਹਲਕੇ ਦੇ ਪਾਰਕਾਂ ਦਾ ਨਵੀਨੀਕਰਨ ਕੀਤਾ ਜਾਵੇਗਾ: ਡਾ. ਅਜੈ ਗੁਪਤਾ



ਅੰਮ੍ਰਿਤਸਰ, 23 ਮਈ (ਬਬਲੂ ਮਹਾਜਨ) : ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੈ ਗੁਪਤਾ ਨੇ ਅੱਜ ਸ਼ਕਤੀ ਨਗਰ ਖੇਤਰ ਦੇ ਤਿੰਨ ਪਾਰਕਾਂ ਨੂੰ ਸੁਧਾਰਨ ਲਈ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਡਾ. ਗੁਪਤਾ ਨੇ ਦੱਸਿਆ ਕਿ ਕੇਂਦਰੀ ਵਿਧਾਨ ਸਭਾ ਹਲਕੇ ਦੇ ਸਾਰੇ ਪਾਰਕਾਂ ਦਾ ਨਵੀਨੀਕਰਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਕਤੀ ਨਗਰ ਵਿੱਚ ਨਵੀਨੀਕਰਨ ਦਾ ਕੰਮ ਅੱਜ ਸ਼ੁਰੂ ਹੋ ਗਿਆ ਹੈ। ਅਗਲੇ ਮਹੀਨੇ ਦੇ ਅੰਦਰ, ਸਾਰੇ ਪਾਰਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਲੈਸ ਕਰ ਦਿੱਤਾ ਜਾਵੇਗਾ।ਵਿਧਾਇਕ ਡਾ. ਅਜੈ ਗੁਪਤਾ ਨੇ ਦੱਸਿਆ ਕਿ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਹਿਰ ਦੀਆਂ ਪੁਰਾਣੀਆਂ, ਖੰਡਰ ਹੋਈਆਂ ਵੱਡੀਆਂ ਪਾਣੀ ਦੀਆਂ ਟੈਂਕੀਆਂ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਨਗਰ ਨਿਗਮ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਕਤੀ ਨਗਰ ਪਾਰਕ ਵਿੱਚ ਪਾਣੀ ਦੀ ਟੈਂਕੀ ਲਗਭਗ 50 ਸਾਲ ਪਹਿਲਾਂ ਬਣਾਈ ਗਈ ਸੀ ਅਤੇ ਇਸਦੀ ਹਾਲਤ ਖਰਾਬ ਹੈ। ਟੈਂਕੀ ਦੇ ਆਲੇ-ਦੁਆਲੇ ਕੰਡਿਆਲੀ ਤਾਰ ਲਗਾਈ ਜਾ ਰਹੀ ਹੈ। ਤਾਂ ਜੋ ਕੋਈ ਵੀ ਇਸ ਟੈਂਕੀ ਦੇ ਆਲੇ-ਦੁਆਲੇ ਨਾ ਜਾ ਸਕੇ ਅਤੇ ਕਿਸੇ ਵੀ ਤਰ੍ਹਾਂ ਦਾ ਹਾਦਸਾ ਨਾ ਵਾਪਰੇ।ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਕੇਂਦਰੀ ਵਿਧਾਨ ਸਭਾ ਹਲਕੇ ਦੇ ਸਾਰੇ ਵਾਰਡਾਂ ਵਿੱਚ ਵਿਕਾਸ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਭੇਜਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਇਹ ਯੋਜਨਾ ਇੱਕ ਸ਼ਲਾਘਾਯੋਗ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀਆਂ ਬੱਸਾਂ ਲਗਾਤਾਰ ਭੇਜੀਆਂ ਜਾ ਰਹੀਆਂ ਹਨ।ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੀਆਂ ਚਾਰ ਮਹੱਤਵਪੂਰਨ ਸੜਕਾਂ ਤੇ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚਾਰ ਸੜਕਾਂ ਨੂੰ ਬਿਹਤਰ ਬਣਾਇਆ ਜਾਵੇਗਾ ਅਤੇ ਵਿਰਾਸਤੀ ਦਿੱਖ ਦਿੱਤੀ ਜਾਵੇਗੀ। ਇਨ੍ਹਾਂ ਸੜਕਾਂ ਤੋਂ ਲੰਘਣ ਵਾਲੀਆਂ ਸਾਰੀਆਂ ਬਿਜਲੀ ਅਤੇ ਹੋਰ ਤਾਰਾਂ ਨੂੰ ਵੀ ਜ਼ਮੀਨਦੋਜ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚਾਰ ਰੇਡੀਅਲ ਸੜਕਾਂ ਦਾ ਨਿਰਮਾਣ ਅਗਲੇ ਚਾਰ ਮਹੀਨਿਆਂ ਵਿੱਚ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਕੌਂਸਲਰ ਵਿੱਕੀ ਦੱਤਾ, ਇੰਦਰਜੀਤ ਦੱਤਾ, ਸੁਭਾਸ਼ ਬਿੱਲੂ, ਚਿਰਾਗ ਕੁਮਾਰ, ਮਨੂ ਕੁਮਾਰ, ਟੀਟੂ ਪਾਜੀ, ਨਗਰ ਨਿਗਮ ਦੇ ਅਧਿਕਾਰੀ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

## ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਸੱਤ ਦਿਨਾ ਮੁਰਗੀ ਪਾਲਣ ਕਿੱਤਾ ਮੁਖੀ ਸਿਖਲਾਈ ਕੋਰਸ ਕਰਵਾਇਆ




ਮਜੀਠਾ, 23 ਮਈ (ਅਸ਼ਵਨੀ ਨਈਅਰ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਅਤੇ ਆਈ.ਸੀ.ਏ.ਆਰ.-ਅਟਾਰੀ, ਜ਼ੋਨ-1, ਲੁਧਿਆਣਾ ਦੇ ਸਹਿਯੋਗ ਨਾਲ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ ਵਿਖੇ "ਮੁਰਗੀ ਪਾਲਣ"ਸੰਬੰਧੀ 7 ਦਿਨਾਂ ਕਿੱਤਾ ਮੁਖੀ ਸਿਖਲਾਈ ਕੋਰਸ ਕਰਵਾਇਆ ਗਿਆ, ਜਿਸ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ 70 ਕਿਸਾਨ ਵੀਰਾਂ/ਕਿਸਾਨ ਬੀਬੀਆਂ ਅਤੇ ਪੇਂਡੂ ਨੌਜਵਾਨਾਂ ਨੇ ਭਾਗ ਲਿਆ। ਇਸ ਸਿਖਲਾਈ ਕੋਰਸ ਵਿੱਚ ਡਾ. ਬਿਕਰਮਜੀਤ ਸਿੰਘ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ.ਵੀ.ਕੇ, ਨੇ ਭਾਗ ਲੈਣ ਵਾਲੇ ਸਿਖਿਆਰਥੀਆਂ ਨੂੰ ਕੇ.ਵੀ.ਕੇ ਦੇ ਕੰਮਕਾਜ ਬਾਰੇ ਜਾਣਕਾਰੀ ਦਿੰਦਿਆਂ ਖੇਤੀਬਾੜੀ ਵਿੱਚ ਸਹਾਇਕ ਕਿੱਤੇ ਵੱਜੋਂ ਆਮਦਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਮੁਰਗੀ ਪਾਲਣ ਦੇ ਧੰਦੇ ਨੂੰ ਅਪਨਾਉਣ ਕਿਹਾ। ਡਾ. ਕੰਵਰਪਾਲ ਸਿੰਘ ਢਿੱਲੋਂ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ), ਕੋਰਸ ਕੋਆਰਡੀਨੇਟਰ, ਨੇ ਕਿਸਾਨਾਂ ਨੂੰ ਘਰੇਲੂ ਜਾਂ ਵਪਾਰਕ ਪੱਧਰ ਤੇ ਮੁਰਗੀ ਪਾਲਣ ਕਰਨ ਲਈ ਯੂਨੀਵਰਸਿਟੀ ਵਿੱਚ ਉਪਲੱਬਧ ਪੋਲਟਰੀ ਦੀਆਂ ਕਿਸਮਾਂ, ਆਂਡਿਆਂ ਦੀ ਹੈਚਿੰਗ ਅਤੇ ਹੈਚਰੀ ਪ੍ਰਬੰਧਨ, ਚੂਚਿਆਂ ਦਾ ਪਾਲਣ-ਪੋਸ਼ਣ, ਰਿਹਾਇਸ਼ ਅਤੇ ਸਾਜੋ-ਸਾਮਾਨ, ਖੁਰਾਕ ਦੇਣੀ, ਮੁਰਗੀਆਂ/ਬਰਾਇਲਰ ਦਾ ਪਾਲਣ ਪ੍ਰਬੰਧ, ਬੈਕਯਾਰਡ ਮੁਰਗੀ ਪਾਲਣ, ਆਂਡਿਆਂ ਦਾ ਮੰਡੀਕਰਨ, ਮੁਰਗੀ ਪਾਲਣ ਦੀ ਆਰਥਿਕਤਾ, ਮੁਰਗੀਖਾਨੇ ਦਾ ਰਿਕਾਰਡ ਰੱਖਣਾ, ਟੀਕਾਕਰਨ ਪ੍ਰੋਗਰਾਮ, ਗਰਮੀਆਂ ਅਤੇ ਸਰਦੀਆਂ ਅਨੁਸਾਰ ਵਿਉਂਤਬੰਦੀ, ਪੋਲਟਰੀ ਫਾਰਮ ਵਿੱਚ ਵਰਤੇ ਜਾਣ ਵਾਲੇ ਬਾਇਓਸਕਿਓਰਿਟੀ ਦੇ ਉਪਰਾਲੇ, ਮੁਰਗੀਆਂ ਦੀਆਂ ਬਿਮਾਰੀਆਂ ਅਤੇ ਉਹਨਾਂ ਦੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ, ਸਿਖਲਾਈ ਕੋਰਸ ਦੌਰਾਨ ਉਪਜਾਊ ਅਤੇ ਨਿਪੁੰਸਕ ਆਂਡਿਆਂ ਦੀ ਜਾਂਚ, ਪੋਲਟਰੀ ਪੰਛੀਆਂ ਨੂੰ ਟੀਕਾਕਰਨ ਅਤੇ ਸਿਹਤ ਦੀ ਜਾਂਚ ਕਰਨ ਲਈ ਠੀਕ ਤਰੀਕੇ ਨਾਲ ਫੜਨ, ਕੰਟਰੋਲ ਕਰਨ ਦੀਆਂ ਤਕਨੀਕਾਂ ਬਾਰੇ, ਪੋਲਟਰੀ ਪੰਛੀਆਂ ਦੇ ਪੋਸਟਮਾਰਟਮ ਦੌਰਾਨ ਮਹੱਤਵਪੂਰਨ ਪੱਖਾਂ ਅਤੇ ਨਤੀਜਿਆਂ ਬਾਰੇ ਵਿਧੀ ਪ੍ਰਦਰਸ਼ਨੀਆਂ ਵੀ ਕਰਵਾਈਆਂ ਗਈਆਂ । ਡਾ. ਪੁਨੀਤ ਸਿੰਘ, ਵੈਟਰਨਰੀ ਅਫ਼ਸਰ ਅੰਮ੍ਰਿਤਸਰ ਨੇ ਪਸ਼ੂ ਪਾਲਣ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਮੁਰਗੀ ਪਾਲਣ ਲਈ ਉਪਲਬਧ ਸਕੀਮਾਂ ਬਾਰੇ ਦੱਸਿਆ। ਅਮਰ ਸਿੰਘ, ਮੱਛੀ ਪਾਲਣ ਅਫਸਰ ਅੰਮ੍ਰਿਤਸਰ ਨੇ ਮੱਛੀ ਪਾਲਣ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ, ਸਕੀਮਾਂ ਅਤੇ ਸੰਯੁਕਤ ਮੱਛੀ ਅਤੇ ਮੁਰਗੀ ਪਾਲਣ ਬਾਰੇ ਜਾਣਕਾਰੀ ਦਿੱਤੀ।

## ਬਾਬਾ ਸ੍ਰੀ ਚੰਦ ਜੀ ਚੌਂਕ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ



ਦੀਨਾਨਗਰ 23 ਮਈ (ਡਾ.ਰਮੇਸ਼ ਸਰੰਗਲ ) ਅੱਜ਼ ਦੀਨਾਨਗਰ ਦੀਆਂ ਸਮੂਹ ਸੰਗਤਾਂ ਵਲੋਂ ਸੰਘਰਸ਼ ਕਰਕੇ ਤਿਆਰ ਕੀਤੇ ਗਏ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਚੌਂਕ ਦੀਨਾਨਗਰ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਹਰਬੰਸ ਸਿੰਘ ਜੀ ਦੀਨਾਨਗਰ ਦੇ ਜਥੇ ਵੱਲੋਂ ਅਨੰਦਮਈ ਕੀਰਤਨ ਕੀਤਾ ਗਿਆ ਸਮਾਪਤੀ ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ ਠੰਡੇ ਮਿੱਠੇ ਜਲ ਦੀ ਛਬੀਲ ਲਗਾਤਾਰ ਚੱਲਦੀ ਰਹੀ। ਇਸ ਖੁਸ਼ੀ ਦੇ ਮੌਕੇ ਤੇ ਸ਼ੁਕਰਾਨਾ ਸਮਾਗਮ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੇਂ ਹਾਜ਼ਰੀ ਭਰੀ ਜਿਨ੍ਹਾਂ ਵਿੱਚ , ਐਮ ਐਲ ਏ ਮੈਡਮ ਅਰੁਨਾ ਚੋਧਰੀ, ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੋਧਰੀ, ਕਮਲਜੀਤ ਚਾਵਲਾ, ਮੈਡਮ ਰੇਣੂ ਕਸ਼ਅਪ, ਜੋਗਿੰਦਰ ਛੀਨਾਂ ਆਈਆਂ ਹੋਈਆਂ ਸਾਰੀਆਂ ਸੰਗਤਾਂ ਦਾ ਬਾਬਾ ਸ੍ਰੀ ਚੰਦ ਚੌਂਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ ਇਸ ਮੌਕੇ ਤੇ ਜਥੇਦਾਰ ਮਨਜੀਤ ਸਿੰਘ ਮੰਨਾ ਪਿੰਡ ਆਵਾਂਖਾ ਚਰਨਜੀਤ ਸਿੰਘ ਗਿੱਲ, ਮਨਵਿੰਦਰ ਸਿੰਘ ਅਵਾਂਖਾ ਸਰਪੰਚ ਦਲਬੀਰ ਸਿੰਘ ਭਟੋਆ, ਦਲਬੀਰ ਸਿੰਘ ਰੰਗੜਪਿੱਡੀ, ਦਲਬੀਰ ਸਿੰਘ ਸੁਲਤਾਨੀ, ਸੁਰਿੰਦਰ ਸਿੰਘ ਸੋਨੀ,ਅਮਨ ਕੁਮਾਰ, ਅਮਨਦੀਪ ਸਿੰਘ, ਪ੍ਰਿੰਸ ਮੈਡੀਕੋਜ਼, ਗੁਰਮੀਤ ਸਿੰਘ ਡੀ ਐਸ, ਬਲਜਿੰਦਰ ਸਿੰਘ, ਕੈਪਟਨ ਜਗੀਰ ਸਿੰਘ, ਸੁਖਵਿੰਦਰ ਸਿੰਘ ਪਾਹੜਾ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ ।

## ਗੁਰੂਆਂ ਦੀ ਪਵਿੱਤਰ ਧਰਤੀ 'ਤੇ ਮੌਤ ਵੰਡਣ ਵਾਲਿਆਂ ਦੀ ਪੁਸ਼ਤ-ਪਨਾਹੀ ਪੰਜਾਬ ਨਾਲ ਸਭ ਤੋਂ ਵੱਡਾ ਧ੍ਰੋਹ: ਬ੍ਰਹਮਪੁਰਾ

### ਸੱਚ ਨੂੰ ਦਬਾਉਣ ਦੀ ਹਰ ਸਾਜ਼ਿਸ਼ੀ ਪੈੜ ਲਈ ਸੱਤਾ ਦੇ ਪਾਲਕ ਅਤੇ ਪ੍ਰਸ਼ਾਸਨਿਕ ਚੁੱਪ ਹੋਵੇਗੀ ਸਿੱਧੀ ਜਵਾਬਦੇਹ



ਤਰਨ ਤਾਰਨ 23 ਮਈ : ਗੁਰਦਿਆਲ ਸਿੰਘ( ) ਅੱਠ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਖਡੂਰ ਸਾਹਿਬ ਦੀ ਪਵਿੱਤਰ ਧਰਤੀ ਤੇ ਨਸ਼ੇ ਦੇ ਕਾਲੇ ਵਪਾਰੀਆਂ ਅਤੇ ਮੌਤ ਵੰਡਣ ਵਾਲੇ ਅਨਸਰਾਂ ਨੂੰ ਦਿੱਤੀ ਜਾ ਰਹੀ ਸਿਆਸੀ ਪਨਾਹ, ਪੰਜਾਬ ਦੀ ਮਿੱਟੀ ਨਾਲ ਸਭ ਤੋਂ ਵੱਡਾ ਧ੍ਰੋਹ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਇੱਕ ਗੰਭੀਰ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਿਨ੍ਹਾਂ ਦਾਗ਼ੀ ਚਿਹਰਿਆਂ ਦੇ ਇਤਿਹਾਸ ਅਪਰਾਧਿਕ ਤਸਕਰੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਲਿਬੜੇ ਹੋਏ ਹਨ, ਉਨ੍ਹਾਂ ਨੂੰ ਸਿਆਸੀ ਬੁੱਕਲਾਂ ਵਿੱਚ ਬਿਠਾਉਣਾ ਪੰਜਾਬ ਦੇ ਭਵਿੱਖ ਲਈ ਇੱਕ ਸੁਲਗਦੀ ਹੋਈ ਬਰਬਾਦੀ ਹੈ।ਸ੍. ਬ੍ਰਹਮਪੁਰਾ ਨੇ ਪ੍ਰਸ਼ਾਸਨਿਕ ਮਸ਼ੀਨਰੀ ਦੀ ਚੁੱਪ ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜਦੋਂ ਨਸ਼ਾ ਮਾਫ਼ੀਆ ਖ਼ਿਲਾਫ਼ ਮਿਲੇ ਠੋਸ ਸਬੂਤਾਂ ਅਤੇ ਕਾਨੂੰਨੀ ਦਸਤਾਵੇਜ਼ਾਂ ਦੇ ਬਾਵਜੂਦ ਪ੍ਰਸ਼ਾਸਨਿਕ ਅਦਾਰੇ ਮੋਨ ਧਾਰ ਲੈਂਦੇ ਹਨ, ਤਾਂ ਇਹ ਲੋਕਤੰਤਰ ਦੀ ਮਰਿਆਦਾ ਲਈ ਖ਼ਤਰੇ ਦੀ ਘੰਟੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਦੇ ਮੌਜੂਦਾ ਹਾਲਾਤਾਂ ਤੇ ਪੜਦਾ ਪਾਉਣ ਦੀ ਕੋਸ਼ਿਸ਼ ਕਰਨ ਵਾਲੇ ਸੱਤਾ ਦੇ ਰਖਵਾਲੇ ਖ਼ੁਦ ਕਾਨੂੰਨ ਦੇ ਭਖਸ਼ਕ ਬਣ ਜਾਣ ਅਤੇ ਆਪਣਿਆਂ ਦੇ ਵਿਹੜੇ ਵਿੱਚ ਤਸਕਰਾਂ ਦਾ ਵਾਸਾ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਮਰਿਆਦਾ ਪਤਨ ਦੀ ਆਖ਼ਰੀ ਹੱਦ ਤੱਕ ਪਹੁੰਚ ਚੁੱਕੀ ਹੈ ਅਤੇ ਦਾਗੀਆਂ ਨੂੰ ਸਰਪ੍ਰਸਤੀ ਦੇਣ ਵਾਲੇ ਇਹ ਭੁੱਲ ਰਹੇ ਹਨ ਕਿ ਇਤਿਹਾਸ ਦੇ ਫ਼ੈਸਲੇ ਸਦਾ ਬੇਪੱਖ ਹੁੰਦੇ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਸੱਚ ਨੂੰ ਰੋਕਣ ਲਈ ਜੇਕਰ ਕੋਈ ਅਣਦਿਸਦਾ ਵਰਤਾਰਾ ਜਾਂ ਸਾਜ਼ਿਸ਼ੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ, ਤਾਂ ਉਸਦੀ ਨੈਤਿਕ, ਕਾਨੂੰਨੀ ਅਤੇ ਸਮਾਜਿਕ ਜਵਾਬਦੇਹੀ ਕੇਵਲ ਉਨ੍ਹਾਂ ਸਿਆਸੀ ਸਰਪ੍ਰਸਤਾਂ ਦੀ ਹੋਵੇਗੀ ਜੋ ਅੱਜ ਨਸ਼ਾ ਤਸਕਰਾਂ ਦੀ ਢਾਲ ਬਣੇ ਹੋਏ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਗੰਭੀਰ ਮੁੱਦਿਆਂ ਤੇ ਸੱਚਾਈ ਦੇ ਰਾਹ ਤੇ ਚੱਲਦਿਆਂ ਮੇਰੇ ਸਾਹਮਣੇ ਜੋ ਵੀ ਚੁਣੌਤੀਆਂ ਜਾਂ ਪਰਿਸਥਿਤੀਆਂ ਆਉਣਗੀਆਂ, ਮੈਂ ਆਪਣੇ ਸਿਧਾਂਤਾਂ ਤੇ ਪਹਿਰਾ ਦੇਣ ਲਈ ਪੂਰਨ ਤੌਰ ਤੇ ਦ੍ਰਿੜ ਹਾਂ।ਸ੍. ਬ੍ਰਹਮਪੁਰਾ ਨੇ ਅੰਤ ਵਿੱਚ ਦੁਹਰਾਇਆ ਕਿ ਮੇਰੀ ਵਫ਼ਾਦਾਰੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ, ਬਲਕਿ ਮੇਰੇ ਪੰਜਾਬ, ਮੇਰੇ ਹਲਕੇ ਦੀ ਬਰਬਾਦ ਹੋ ਰਹੀ ਜਵਾਨੀ ਅਤੇ ਮੇਰੇ ਲੋਕਾਂ ਨਾਲ ਹੈ। ਪੰਜਾਬ ਦੀ ਰਾਖੀ ਲਈ ਜੋ ਵੀ ਵੱਡਾ ਫ਼ੈਸਲਾ ਲੈਣਾ ਪਿਆ, ਡੰਕੇ ਦੀ ਚੋਟ ਤੇ ਲਵਾਂਗੇ, ਪਰ ਪੰਜਾਬ ਨੂੰ ਖੋਖਲਾ ਕਰਨ ਵਾਲੇ ਇਹਨਾਂ ਤਸਕਰਾਂ ਅਤੇ ਉਹਨਾਂ ਦੇ ਸਰਪ੍ਰਸਤਾਂ ਨਾਲ ਕਦੇ ਸਮਝੌਤਾ ਨਹੀਂ ਕਰਾਂਗੇ।

## ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਦੇ ਘੇਰੇ ਅੰਦਰ ਪਾਬੰਦੀਆਂ ਦੇ ਹੁਕਮ ਜਾਰੀ

ਚੋਹਲਾ ਸਾਹਿਬ , 23 ਮਈ : ( ਭਗਤ ਸਿੰਘ ਸੰਧੂ ) ਜ਼ਿਲ੍ਹਾ ਮੈਜਿਸਟਰੇਟ, ਤਰਨ ਤਾਰਨ ਸ੍ਰੀ ਰਾਹੁਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 26 ਮਈ 2026 ਨੂੰ ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਹੋਣ ਜਾ ਰਹੀਆਂ ਚੋਣਾਂ ਨੂੰ ਸੁਤੰਤਰ, ਨਿਰਪੱਖ, ਸ਼ਾਂਤੀਪੂਰਨ ਨੇਪਰੇ ਚਾੜ੍ਹਨ ਲਈ ਚੋਣਾਂ ਲਈ ਨਿਰਧਾਰਿਤ ਕੀਤੇ ਗਏ ਸਮੂਹ ਪੋਲਿੰਗ ਸਟੇਸ਼ਨਾਂ/ਬੂਥਾਂ ਦੇ 100 ਮੀਟਰ ਦੇ ਘੇਰੇ ਵਿੱਚ ਮਿਤੀ 26-05-2026 ਨੂੰ ਚੋਣ ਪ੍ਰਕਿਰਿਆ ਦੌਰਾਨ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਸ ਦੌਰਾਨ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ (ਕਤਾਰ ਵਿੱਚ ਲੱਗੇ ਵੋਟਰਾਂ ਤੋਂ ਇਲਾਵਾ) ਦੇ ਇੱਕੱਠੇ ਹੋਣ/ਗਤੀਵਿਧੀਆਂ ਤੇ ਪਾਬੰਦੀ ਹੋਵੇਗੀ।ਇਸੇ ਤਰ੍ਹਾਂ ਵੋਟਾਂ ਦਾ ਪ੍ਰਚਾਰ ਕਰਨ ਜਾਂ ਅਪੀਲ ਕਰਨ ਤੇ ਪਾਬੰਦੀ ਹੋਵੇਗੀ। ਕਿਸੇ ਵੀ ਰਾਜਨੀਤਿਕ ਪਾਰਟੀ, ਚੋਣ ਲੜ ਰਹੇ ਉਮੀਦਵਾਰ ਵੱਲੋਂ ਆਪਣਾ ਬੂਥ/ਟੈਂਟ ਨਹੀਂ ਲਗਾਇਆ ਜਾਵੇਗਾ। ਚੋਣਾਂ ਨਾਲ ਸਬੰਧਤ ਕੋਈ ਵੀ ਨੋਟਿਸ ਜਾਂ ਚਿੰਨ੍ਹ (ਅਧਿਕਾਰਤ ਨੋਟਿਸ ਤੋਂ ਇਲਾਵਾ) ਪ੍ਰਦਰਸ਼ਿਤ ਕਰਨ ਦੀ ਮਨਾਹੀ ਹੋਵੇਗੀ। ਚੋਣਾਂ ਨਾਲ ਸਬੰਧਤ ਰਾਜਨੀਤਿਕ ਪਾਰਟੀ/ਉਮੀਦਵਾਰਾਂ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ। ਸੈਲੂਲਰ ਫੋਨ/ਕੋਰਡਲੈਸ ਫੋਨ/ਵਾਇਰਲੈਸ ਸੈਟ/ਲਾਊਡ ਸਪੀਕਰ/ਆਦਿ ਦੀ ਵਰਤੋਂ ਤੇ ਪਾਬੰਦੀ ਹੋਵੇਗੀ। ਚੋਣ ਡਿਊਟੀ ਵਿੱਚ ਤਾਇਨਾਤ ਚੋਣ ਆਬਜ਼ਰਵਰ, ਪੁਲਿਸ ਅਧਿਕਾਰੀ, ਡਿਊਟੀ ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ ਨਾਲ ਸਬੰਧੀ ਕਰਮਚਾਰੀਆਂ ਨੂੰ ਇਸ ਤੋਂ ਛੋਟ ਹੋਵੇਗੀ। ਕੋਈ ਵੀ ਵਿਅਕਤੀ ਸਿਵਾਏ ਰਾਜ ਚੋਣ ਕਮਿਸ਼ਨ, ਪੰਜਾਬ, ਜ਼ਿਲ੍ਹਾ ਚੋਣ ਅਫ਼ਸਰ ਅਤੇ ਸਬੰਧਤ ਰਿਟਰਨਿੰਗ ਅਫ਼ਸਰ ਵੱਲੋਂ ਅਧਿਕਾਰਿਤ ਵਿਅਕਤੀ ਤੋਂ ਬਿਨਾਂ ਆਪਣਾ ਪ੍ਰਾਈਵੇਟ ਵਹੀਕਲ ਲੈ ਕੇ ਜਾਣ ਦੀ ਮਨਾਹੀ ਹੋਵੇਗੀ। ਕਿਸੇ ਵੀ ਤਰ੍ਹਾਂ ਦੀ ਅਜਿਹੀ ਗਤੀਵਿਧੀ ਜੋ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੋਵੇ, ਤੇ ਮੁਕੰਮਲ ਪਾਬੰਦੀ ਹੋਵੇਗੀ।



# ਪਟਿਆਲਾ-ਆਸ/ਪਾਸ



# ਜਸਵਿੰਦਰ ਸਿੰਘ ਰਾਣਾ ਵੱਲੋਂ ਆੜ੍ਹਤੀਆਂ ਦੇ ਮਸਲਿਆਂ ਸਬੰਧੀ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ

## ➢ਰਾਜਪਾਲ ਨੇ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰਨ ਦਾ ਦਿੱਤਾ ਭਰੋਸਾ



ਭੁਨਰਹੇੜੀ, 23 ਮਈ (ਗੁਰਜੀਤ ਸਿੰਘ ਢੌਟ) : ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਵੱਲੋਂ ਆਪਣੇ ਆੜ੍ਹਤੀ ਅਤੇ ਉੱਚ ਅਧਿਕਾਰੀਆਂ ਨਾਲ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਆੜ੍ਹਤੀ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ। ਪ੍ਰਧਾਨ ਰਾਣਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅੱਜ ਦੀ ਇਸ ਮੀਟਿੰਗ ਦਾ ਮੁੱਖ ਮਕਸਦ ਆੜ੍ਹਤੀਆਂ ਅਤੇ ਮੰਡੀ ਮਜ਼ਦੂਰਾਂ ਦੀ ਰੋਜ਼ੀ ਰੋਟੀ ਉੱਤੇ ਪੈ ਰਹੇ ਅਸਰ ਸਬੰਧੀ ਮਸਲਿਆਂ ਨੂੰ ਵਿਚਾਰਨ ਲਈ ਕੀਤੀ ਗਈ ਹੈ। ਇਸ ਮੁਲਾਕਾਤ ਦੌਰਾਨ ਆੜ੍ਹਤੀ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਆੜ੍ਹਤੀਆਂ ਦੀ 2.5% ਕਮਿਸ਼ਨ (ਦਾਮੀ) ਦੀ ਬਹਾਲੀ ਸਬੰਧੀ ਜਾਣੂੰ ਕਰਵਾਇਆ। ਰਾਣਾ ਨੇ ਕਿਹਾ ਕਿ ਸਾਲ 2019 ਤੱਕ ਆੜ੍ਹਤੀ ਐਸੋਸੀਏਸ਼ਨ ਨੂੰ ਕਮਿਸ਼ਨ ਦੇ ਤੌਰ ਤੇ ਐਮਐਸਪੀ ਦੇ ਅਧਾਰ ਤੇ 2.5% ਕਮਿਸ਼ਨ ਮਿਲਦਾ ਸੀ ਜੋ ਕਿ ਕਰਮਵਾਰ 45.85 ਅਤੇ 46 ਰੁਪਏ ਪ੍ਰਤੀ ਕੁਇੰਟਲ ਬਣਦਾ ਸੀ ਪ੍ਰੰਤੂ ਪਿਛਲੇ ਲਗਭਗ ਸੱਤ ਸਾਲਾਂ ਤੋਂ ਸਰਕਾਰ ਵੱਲੋਂ ਇਹ ਰਕਮ 46 ਰੁਪਏ ਪ੍ਰਤੀ ਕੁਇੰਟਲ 'ਤੇ ਜਾਮੀ ਹੋਈ ਸੀ। ਇਸ ਰਬੀ ਸੀਜ਼ਨ ਵਿੱਚ ਸਰਕਾਰ ਨੇ ਲਗਭਗ ਚਾਰ ਰੁਪਏ ਦਾ ਵਾਧਾ ਕੀਤਾ ਹੈ ਅਤੇ ਇਸ ਸਮੇਂ ਕਮਿਸ਼ਨ ਦੇ ਤੌਰ 'ਤੇ 50 ਰੁਪਏ 75 ਪੈਸੇ ਪ੍ਰਤੀ ਕੁਇੰਟਲ ਮਿਲ ਰਿਹਾ ਹੈ। ਇਸ ਵਾਧੇ ਲਈ ਅਸੀਂ ਸਰਕਾਰ ਦੇ ਧੰਨਵਾਦੀ ਹਾਂ ਪਰ ਐਮਐਸਪੀ ਦੇ ਅਨੁਸਾਰ 2.5% ਕਮਿਸ਼ਨ ਨਹੀਂ ਬਣਦਾ ਜੇ ਇਸ ਸੀਜਨ ਵਿੱਚ ਐਮਐਸਪੀ ਦੇ ਅਧਾਰ 'ਤੇ 2.5% ਕਮਿਸ਼ਨ ਦੀ ਗਿਣਤੀ ਕੀਤੀ ਜਾਵੇ ਤਾਂ ਇਹ ਰਕਮ 64.62 ਰੁਪਏ ਦੇ ਕਰੀਬ ਪ੍ਰਤੀ ਕੁਇੰਟਲ ਦੇ ਹਿਸਾਬ ਬਣਦੀ ਹੈ ਜਦ ਕਿ ਇਸ ਵੇਲੇ ਸਾਨੂੰ ਕੇਵਲ 50.75 ਰੁਪਏ ਹੀ ਮਿਲ ਰਹੇ ਹਨ। ਇਸ ਹਿਸਾਬ ਨਾਲ ਆੜ੍ਹਤੀਆਂ ਨੂੰ ਉਹਨਾਂ ਦੇ ਬਣਦੇ ਕਮਿਸ਼ਨ ਤੋਂ 13 ਰੁਪਏ 87 ਪੈਸੇ ਪ੍ਰਤੀ ਕੁਇੰਟਲ ਦਾ ਰੇਟ ਘੱਟ ਮਿਲ ਰਿਹਾ ਹੈ। ਉਨ੍ਹਾਂ ਪੰਜਾਬ ਰਾਜਪਾਲ ਦੁਆਰਾ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਦਖਲ ਦੇ ਕੇ ਆੜ੍ਹਤੀ ਐਸੋਸੀਏਸ਼ਨ ਨੂੰ ਨਿਘਾਰ ਵੱਲ ਜਾਣ ਤੋਂ ਬਚਾਇਆ ਜਾਵੇ। ਉਹਨਾਂ ਅੱਗੇ ਕਿਹਾ ਕਿ ਮੰਡੀ ਮਜ਼ਦੂਰਾਂ ਦੀਆਂ ਦਰਾਂ ਵਿੱਚ ਵਾਧਾ ਮੰਡੀ ਬੋਰਡ ਵੱਲੋਂ ਕਾਫੀ ਸਮੇਂ ਤੋਂ ਮਜ਼ਦੂਰੀ ਵਿੱਚ ਕੋਈ ਸੋਧ ਨਹੀਂ ਕੀਤੀ ਗਈ। ਉਹਨਾਂ ਮੰਡੀਆਂ ਦੀ ਸੁਚੱਜੀ ਕਾਰਗੁਜ਼ਾਰੀ ਨੂੰ ਯਕੀਨੀ ਬਣਾਉਣ ਮਜ਼ਦੂਰਾਂ ਲਈ ਘੱਟੋ ਘੱਟ 50% ਮਜ਼ਦੂਰੀ ਵਾਧੇ ਦੀ ਮੰਗ ਕੀਤੀ ਹੈ। ਆੜ੍ਹਤੀਆਂ ਦੀ ਇਹਨਾਂ ਮੰਗਾਂ ਸਬੰਧੀ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਆਪਣਾ ਲੈਟਰ ਲਗਾ ਕੇ ਤੁਰੰਤ ਪ੍ਰਭਾਵ ਹੇਠ ਵਿਭਾਗ ਨੂੰ ਜਾਰੀ ਕੀਤਾ ਗਿਆ ਅਤੇ ਉਹਨਾਂ ਭਰੋਸਾ ਦਵਾਇਆ ਕਿ ਜਲਦੀ ਹੀ ਉਹ ਕੇਂਦਰ ਸਰਕਾਰ ਦੇ ਮੰਤਰੀਆਂ ਅਤੇ ਅਧਿਕਾਰੀਆਂ ਨਾਲ ਆੜ੍ਹਤੀ ਐਸੋਸੀਏਸ਼ਨ ਦੀਆਂ ਮੀਟਿੰਗਾਂ ਕਰਵਾ ਦੇਣਗੇ ਤਾਂ ਜੋ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਅਤੇ ਉਹਨਾਂ ਭਰੋਸਾ ਦਵਾਇਆ ਕਿ ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਹੀ ਪ੍ਰਵਾਨ ਕਰ ਲਿਆ ਜਾਵੇਗਾ। ਇਸ ਮੌਕੇ ਜਨਰਲ ਸਕੱਤਰ ਰਜਿੰਦਰ ਕੁਮਾਰ, ਪੁਨੀਤ ਕੁਮਾਰ ਜੈਨ ਜਨਰਲ ਸਕੱਤਰ ਜਾਇੰਟ, ਵਿੱਤ ਸਕੱਤਰ ਰਣਜੀਤ ਸਿੰਘ ਔਜਲਾ, ਸੰਜੀਵ ਕੁਮਾਰ ਅਤੇ ਹੋਰ ਵੀ ਆੜ੍ਹਤੀ ਐਸੋਸੀਏਸ਼ਨ ਦੇ ਮੈਂਬਰ ਮੌਜੂਦ ਸਨ।

# 'ਮੇਰੀ ਰਸੋਈ ਯੋਜਨਾ' ਤਹਿਤ 1 ਹਜ਼ਾਰ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

## ➢ਲੋਕਾਂ ਤੱਕ ਰਾਹਤ ਪਹੁੰਚਾ ਰਹੀ ਹੈ ਮਾਨ ਸਰਕਾਰ: ਤੇਜਿੰਦਰ ਮਹਿਤਾ



ਪਟਿਆਲਾ, 23 ਮਈ (ਰੁਪਾਣਾ) : ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੋ ਕੇ ਕੰਮ ਕਰ ਰਹੀ ਹੈ ਅਤੇ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਹੁਣ ਸਿੱਧਾ ਆਮ ਲੋਕਾਂ ਤੱਕ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਵਿੱਚ ਰਾਹਤ ਪ੍ਰਦਾਨ ਕਰਨਾ ਹੈ। ਇਹ ਵਿਚਾਰ ਤੇਜਿੰਦਰ ਮਹਿਤਾ ਨੇ ਪਟਿਆਲਾ ਦੀ ਤੇਜਬਾਗ ਕਲੋਨੀ ਵਿਖੇ ਮੇਰੀ ਰਸੋਈ ਯੋਜਨਾ ਤਹਿਤ ਆਯੋਜਿਤ ਰਾਸ਼ਨ ਵੰਡ ਸਮਾਗਮ ਦੌਰਾਨ ਕਰੀਬ 1000 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡਦੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਤੇਜਿੰਦਰ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੇਰੀ ਰਸੋਈ ਯੋਜਨਾ ਗਰੀਬ ਅਤੇ ਲੋੜਵੰਦ ਪਰਿਵਾਰਾਂ ਲਈ ਵੱਡੀ ਸਹਾਇਤਾ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਫੂਡ ਕਿੱਟਾਂ ਵਿੱਚ ਛੋਲੇ ਦੀ ਦਾਲ, ਚੀਨੀ, ਸਰੋਂ ਦਾ ਤੇਲ, ਆਇਓਡਾਈਜ਼ਡ ਨਮਕ ਅਤੇ ਹਲਦੀ ਵਰਗੀਆਂ ਜ਼ਰੂਰੀ ਰਸੋਈ ਵਸਤਾਂ ਸ਼ਾਮਲ ਹਨ, ਜਿਸ ਨਾਲ ਮਹਿੰਗਾਈ ਦੇ ਇਸ ਦੌਰ ਵਿੱਚ ਆਮ ਪਰਿਵਾਰਾਂ ਨੂੰ ਕਾਫ਼ੀ ਰਾਹਤ ਮਿਲ ਰਹੀ ਹੈ। ਤੇਜਿੰਦਰ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਕਾਰਨ ਲੋਕਾਂ ਦਾ ਸਰਕਾਰ 'ਤੇ ਵਿਸ਼ਵਾਸ ਹੋਰ ਮਜ਼ਬੂਤ ਹੋਇਆ ਹੈ। ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਹੋਰ ਜ਼ੋਰਸ਼ੋਰ ਨਾਲ ਕੰਮ ਕਰਨ, ਤਾਂ ਜੋ ਕੋਈ ਵੀ ਯੋਗ ਪਰਿਵਾਰ ਸਰਕਾਰੀ ਸਹੂਲਤਾਂ ਤੋਂ ਵਾਂਝਾ ਨਾ ਰਹੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਅਮਨ ਬੰਸਲ, ਟ੍ਰੇਡ ਕਮਿਸ਼ਨ ਨਿੱਕ ਨਿਰਮਲ ਸ਼ਰਮਾ ਭਨੇੜੀ, ਸ਼ੋਸ਼ਲ ਮੀਡੀਆ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਮੀਤ ਤਕੇਜਾ, ਸੀਨੀਅਰ ਯੂਥ ਆਗੂ ਸੁਰਿੰਦਰ ਨਿੱਕੂ ਅਤੇ ਇਲਾਕੇ ਦੇ ਹੋਰ ਪਤਵੰਤੇ ਲੋਕ ਮੌਜੂਦ ਸਨ।

# ਮੇਅਰ ਗੋਗੀਆ ਨੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਆਪਣੇ ਵਾਰਡ 'ਚੋਂ ਬੱਸ ਰਵਾਨਾ ਕੀਤੀ



ਪਟਿਆਲਾ, 23 ਮਈ (ਰੁਪਾਣਾ) : ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਆਪਣੇ ਵਾਰਡ ਨੰਬਰ 30 ਦੀ ਵਿਕਾਸ ਕਾਲੋਨੀ ਵਿੱਚੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਇੱਕ ਬੱਸ ਅੰਮ੍ਰਿਤਸਰ ਲਈ ਰਵਾਨਾ ਕੀਤੀ। ਮੇਅਰ ਗੋਗੀਆ ਨੇ ਦੱਸਿਆ ਕਿ ਇਹ ਸ਼ਰਧਾਲੂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣਗੇ। ਇਸ ਤੋਂ ਇਲਾਵਾ ਯਾਤਰੀਆਂ ਨੂੰ ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਅਤੇ ਵਾਹਘਾ ਬਾਰਡਰ ਸਮੇਤ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ ਭਲਾਈ ਲਈ ਲਗਾਤਾਰ ਕਾਰਜ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰੀ ਪਾਰਦਰਸ਼ਤਾ ਨਾਲ ਕੀਤੀ ਗਈ ਹੈ। ਇਸ ਮੌਕੇ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਅਤੇ ਮੇਅਰ ਕੁੰਦਨ ਗੋਗੀਆ ਦਾ ਧੰਨਵਾਦ ਕੀਤਾ। ਇਸ ਮੌਕੇ ਯਾਤਰਾ ਦੇ ਕੋਆਰਡੀਨੇਟਰ ਹਰਮਿੰਦਰਪਾਲ ਸਿੰਘ ਵਿੰਟੀ, ਯਾਤਰਾ ਪ੍ਰਬੰਧਕ ਰਮਨਪ੍ਰੀਤ ਕੌਰ ਬਾਲੀ, ਡਾ. ਸੰਜੇ ਗੋਇਲ, ਪੂਨਮ, ਧਰਮਿੰਦਰ, ਰਮਨਦੀਪ, ਜਤਿੰਦਰ, ਸ਼ੁਭਮ, ਅਮਨਦੀਪ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਕਿਰਨਜੀਤ ਕੌਰ ਘੁੰਮਣ ਅਤੇ ਹਰਪ੍ਰੀਤ ਸਿੰਘ ਘੁਮਾਣ ਵੱਲੋਂ 53 ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗ, ਵਿਕਾਸ ਕਾਰਜਾਂ ਦੀ ਕੀਤੀ ਸਮੀਖਿਆ



ਭੁਨਰਹੇੜੀ, 23 ਮਈ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਤੇਜ਼ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਦੇ ਮਕਸਦ ਨਾਲ ਅੱਜ ਬਲਾਕ ਸੰਮਤੀ ਸਨੌਰ ਦੇ ਵਾਈਸ ਚੇਅਰਪਰਸਨ ਕਿਰਨਜੀਤ ਕੌਰ ਘੁੰਮਣ ਅਤੇ ਸ. ਹਰਪ੍ਰੀਤ ਸਿੰਘ ਘੁਮਾਣ ਵੱਲੋਂ ਬਲਾਕ ਸਨੌਰ ਦੇ ਵੱਖ-ਵੱਖ 53 ਪਿੰਡਾਂ ਦੇ ਸਰਪੰਚਾਂ ਨਾਲ ਇੱਕ ਵਿਸ਼ੇਸ਼ ਅਤੇ ਅਹਿਮ ਮੀਟਿੰਗ ਕੀਤੀ ਗਈ। ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਯੋਗ ਅਗਵਾਈ ਹੇਠ ਹੋਈ ਇਸ ਮੀਟਿੰਗ ਦੌਰਾਨ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਲੋਕ ਭਲਾਈ ਨਾਲ ਜੁੜੇ ਅਹਿਮ ਮਸਲਿਆਂ 'ਤੇ ਵਿਸਤ੍ਰਿਤ ਵਿਚਾਰ-ਵਟਾਂਦਰਾ ਹੋਇਆ। ਉਨ੍ਹਾਂ ਨਾਲ ਗੁਰਪ੍ਰੀਤ ਸਿੰਘ ਸਰਪੰਚ ਬਲਾਕ ਪ੍ਰਧਾਨ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਮੀਟਿੰਗ ਦੌਰਾਨ ਵਾਈਸ ਚੇਅਰਮੈਨ ਕਿਰਨਜੀਤ ਕੌਰ ਘੁੰਮਣ ਅਤੇ ਹਰਪ੍ਰੀਤ ਸਿੰਘ ਘੁਮਾਣ ਨੇ ਹਾਜ਼ਰ ਸਰਪੰਚਾਂ ਤੋਂ ਉਨ੍ਹਾਂ ਦੇ ਪਿੰਡਾਂ ਵਿੱਚ ਚੱਲ ਰਹੇ ਅਤੇ ਅਧੂਰੇ ਰਹਿੰਦੇ ਵਿਕਾਸ ਕਾਰਜਾਂ ਬਾਰੇ ਵਿਸਤ੍ਰਿਤ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਮੀਟਿੰਗ ਵਿੱਚ ਹਾਜ਼ਰ ਸਰਪੰਚਾਂ ਨੇ ਵੀ ਆਪਣੇ-ਆਪਣੇ ਪਿੰਡਾਂ ਨਾਲ ਸਬੰਧਿਤ ਮੁਸ਼ਕਲਾਂ ਅਤੇ ਚੱਲ ਰਹੇ ਕੰਮਾਂ ਦੀ ਪ੍ਰਗਤੀ ਰਿਪੋਰਟ ਸਾਂਝੀ ਕੀਤੀ। ਇਸ ਮੌਕੇ ਬਲਾਕ ਸਨੌਰ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਲੰਟੀਅਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਗੁਰਵਿੰਦਰ ਸੇਫਦੀਪੁਰ, ਹਰਜੀਤ ਸਿੰਘ ਹਸਨਪੁਰ ਪ੍ਰੋਹਤਾਂ, ਜਗਜੀਤ ਸਿੰਘ ਦੌਣ ਖੁਰਦ, ਦੀਦਾਰ ਸਿੰਘ ਰੀਠਖੇੜੀ, ਸੁਖਵਿੰਦਰ ਕੌਰ, ਗਿਆਨ ਕੌਰ, ਗੁਰਜੀਤ ਸਿੰਘ, ਸ਼ੀਲਾ, ਚਰਨਜੀਤ ਕੌਰ, ਬਲਵੀਰ ਸਿੰਘ, ਤਰਸੇਮ ਸਿੰਘ, ਸਵਰਨਜੀਤ ਕੌਰ, ਮਨਪ੍ਰੀਤ ਕੌਰ, ਪਰਮਜੀਤ ਕੌਰ, ਗੁਰਵਿੰਦਰ ਸਿੰਘ, ਗਗਨਦੀਪ ਸਿੰਘ, ਜਸਵੰਤ ਕੌਰ, ਆਸਾ ਰਾਣੀ, ਭੁਪਿੰਦਰ ਸਿੰਘ, ਕੁਲਜਿੰਦਰ ਕੌਰ, ਮਨਜੀਤ ਕੌਰ, ਗੁਰਿੰਦਰ ਸਿੰਘ, ਹਰਜੀਤ ਸਿੰਘ, ਸਿਮਰਨਜੀਤ ਕੌਰ, ਕਿਰਨ ਕੌਰ, ਰਵਿੰਦਰ ਸਿੰਘ, ਨਰਿੰਦਰਪਾਲ ਸਿੰਘ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਹਰਜਿੰਦਰ ਕੌਰ, ਰਾਣੀ, ਕਰਮਜੀਤ ਕੌਰ, ਰਾਜਵਿੰਦਰ ਕੌਰ, ਕੁਲਦੀਪ ਸਿੰਘ, ਬਲਜੀਤ ਕੌਰ, ਪਰਮਜੀਤ ਕੌਰ, ਬਲਜਿੰਦਰ ਕੌਰ, ਮਨਜੀਤ ਕੌਰ, ਅਰਵਿੰਦਰ ਸਿੰਘ, ਰੇਖਾ, ਸਰਬਜੀਤ ਕੌਰ, ਤਰਨਦੀਪ ਸਿੰਘ, ਦਿਦਾਰ ਸਿੰਘ, ਗੁਰਪ੍ਰੀਤ ਸਿੰਘ, ਰਾਮ ਕੁਮਾਰ, ਗੁਰਵਿੰਦਰ ਸਿੰਘ, ਸੂਬਾ ਸਿੰਘ, ਇਕਬਾਲ ਸਿੰਘ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਪੂਜਾ ਰਾਣੀ, ਬਲਵਿੰਦਰ ਕੌਰ, ਗੁਰਜੀਤ ਭੱਠਲ ਹਾਜ਼ਰ ਸਨ।

# ਟਾਵਰ ਮੋਰਚੇ ਦੇ ਯੋਧੇ ਜਥੇਦਾਰ ਗੁਰਜੀਤ ਸਿੰਘ ਦਾ 'ਅਕਾਲੀ ਦਲ ਵਾਰਿਸ ਪੰਜਾਬ ਦੇ' ਟੀਮ ਵੱਲੋਂ ਸਨਮਾਨ



ਭੁਨਰਹੇੜੀ 23 ਮਈ (ਗੁਰਜੀਤ ਸਿੰਘ ਢੌਟ) : ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਪ੍ਰਧਾਨ ਜਸਵਿੰਦਰ ਸਿੰਘ ਡਰੌਲੀ ਵੱਲੋਂ ਆਪਣੀ ਟੀਮ ਸਮੇਤ ਟਾਵਰ ਮੋਰਚੇ ਦੇ ਸਿਰਮੌਰ ਯੋਧੇ ਜਥੇਦਾਰ ਗੁਰਜੀਤ ਸਿੰਘ ਸਮਾਣਾ ਦੇ ਗ੍ਰਹਿ ਵਿਖੇ ਪਹੁੰਚ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਦਾ ਹਾਲ ਚਾਲ ਜਾਣਿਆ ਗਿਆ। ਇਸ ਦੌਰਾਨ ਟਾਵਰ ਮੋਰਚੇ ਸਮੇਂ ਦੌਰਾਨ ਆਈਆਂ ਦੁੱਖ ਤਕਲੀਫ਼ਾਂ, ਸੰਘਰਸ਼ ਅਤੇ ਪੰਥਕ ਜਜ਼ਬੇ ਸਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਜ਼ਿਕਰਯੋਗ ਹੈ ਕਿ ਜਥੇਦਾਰ ਗੁਰਜੀਤ ਸਿੰਘ ਸਮਾਣਾ ਅੱਜ ਵੀ ਚੜ੍ਹਦੀਕਲਾ ਵਿੱਚ ਹਨ ਅਤੇ ਪੰਥ ਤੇ ਪੰਜਾਬ ਦੀ ਚੜ੍ਹਦੀਕਲਾ ਲਈ ਪੂਰੇ ਹੌਸਲੇ ਅਤੇ ਦ੍ਰਿੜ੍ਹਤਾ ਨਾਲ ਡਟੇ ਹੋਏ ਹਨ। ਟੀਮ ਵੱਲੋਂ ਜਥੇਦਾਰ ਸਾਹਿਬ ਦੇ ਹੌਸਲੇ ਅਤੇ ਸੰਘਰਸ਼ੀ ਜਜ਼ਬੇ ਨੂੰ ਸਲਾਮ ਕੀਤਾ ਗਿਆ ਅਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਡਰੌਲੀ ਦੇ ਨਾਲ ਗੁਰਮੋਹਨ ਸਿੰਘ ਮੰਡੌਲੀ, ਮੇਹਰ ਸਿੰਘ ਸਮਾਣਾ, ਵਰਿੰਦਰ ਸਿੰਘ ਖਾਲਸਾ ਅਤੇ ਅਜੈਬ ਸਿੰਘ ਵਿਰਕ ਵੀ ਹਾਜ਼ਰ ਸਨ।

# ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ ਅਤੇ ਲਾਊਡ ਸਪੀਕਰ ਵਰਤਣ 'ਤੇ ਪਾਬੰਦੀ

ਮਲੇਰਕੋਟਲਾ, 23 ਮਈ (ਬਲਜੀਤ ਸਿੰਘ ਟਿੱਬਾ) : ਜ਼ਿਲ੍ਹਾ ਮੈਜਿਸਟਰੇਟ ਵਿਰਾਜ ਐਸ. ਤਿੜਕੇ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਾਰਪੋਰੇਸ਼ਨਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ- 2026 ਦੀ ਚੋਣ ਪ੍ਰਕਿਰਿਆ ਨੂੰ ਸ਼ਾਤਮਈ ਤਰੀਕੇ ਨਾਲ ਨਿਰਵਿਘਨ ਕਰਵਾਉਣ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਚੋਣਾਂ ਵਾਲੇ ਦਿਨ 26 ਮਈ ਨੂੰ ਜ਼ਿਲੇ ਵਿੱਚ ਬਣੇ ਸਮੂਹ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਪੋਲਿੰਗ ਬੂਥਾਂ ਜਾਂ ਜਨਤਕ ਥਾਵਾਂ 'ਤੇ ਕਿਸੇ ਵੀ ਉਮੀਦਵਾਰ ਜਾਂ ਉਸਦੇ ਸਮਰਥਕ ਵੱਲੋਂ ਪ੍ਰਚਾਰ ਨਹੀਂ ਕੀਤਾ ਜਾਵੇਗਾ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕੀ ਸ਼ੋਰ-ਸ਼ਰਾਬਾ, ਹੁੱਲੜਬਾਜ਼ੀ ਨਹੀਂ ਕੀਤੀ ਜਾਵੇਗੀ। ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ/ਕੋਰਡਲੈਸ ਫੋਨ/ਵਾਇਰਲੈੱਸ ਸੈੱਟ/ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਹ ਹੁਕਮ ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰੀ/ਕਰਮਚਾਰੀ 'ਤੇ ਲਾਗੂ ਨਹੀਂ ਹੋਵੇਗਾ। ਉਨ੍ਹਾਂ ਹੋਰ ਦੱਸਿਆ ਕਿ ਪੋਲਿੰਗ ਬੂਥਾਂ ਦੇ ਘੇਰੇ ਅੰਦਰ ਪ੍ਰਚਾਰ ਨਾਲ ਸਬੰਧਿਤ ਕਿਸੇ ਵੀ ਕਿਸਮ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ ਅਤੇ ਕੋਈ ਵੀ ਰਾਜਨੀਤਿਕ ਪਾਰਟੀ, ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀਂ ਲਗਾਏਗਾ। ਉਨ੍ਹਾਂ ਕਿਹਾ ਕਿ ਰਾਜ ਚੋਣ ਕਮਿਸ਼ਨ ਪੰਜਾਬ, ਜ਼ਿਲ੍ਹਾ ਚੋਣ ਅਫ਼ਸਰ ਮਾਲੇਰਕੋਟਲਾ ਜਾਂ ਸਬੰਧਿਤ ਨਗਰ ਕੌਂਸਲ/ਨਗਰ ਪੰਚਾਇਤ ਦੇ ਰਿਟਰਨਿੰਗ ਅਫ਼ਸਰ ਵੱਲੋਂ ਅਧਿਕਾਰਿਤ ਵਿਅਕਤੀ ਤੋਂ ਇਲਾਵਾ ਕਿਸੇ ਵੀ ਹੋਰ ਵਿਅਕਤੀ ਨੂੰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਲਿਆਉਣ 'ਤੇ ਮਨਾਹੀ ਹੈ। ਉਨ੍ਹਾਂ ਕਿਹਾ ਪੋਲਿੰਗ ਬੂਥ ਦੇ ਘੇਰੇ ਅੰਦਰ ਕਿਸੇ ਵੀ ਵਿਅਕਤੀ ਵੱਲੋਂ ਸੈਲੂਲਰ ਫੋਨ/ਵਾਇਰਲੈੱਸ ਸੈੱਟ/ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ, ਪ੍ਰਚਾਰ ਨਾਲ ਸਬੰਧੀ ਪੋਸਟਰ/ਬੈਨਰ ਲਾਉਣ ਨਾਲ ਚੋਣ ਪ੍ਰਕਿਰਿਆ ਦੌਰਾਨ ਅਮਨ-ਸ਼ਾਂਤੀ ਭੰਗ ਹੋਣ ਦਾ ਅੰਦੇਸ਼ਾ ਹੈ, ਜਿਸ ਨਾਲ ਅਮਨ ਕਾਨੂੰਨ ਦੀ ਪਾਲਣਾ ਕਰਨ ਲਈ ਤਾਇਨਾਤ ਸੁਰੱਖਿਆ ਬਲਾਂ ਦੇ ਕੰਮ 'ਚ ਵਿਘਨ ਪੈ ਸਕਦਾ ਹੈ। ਚੋਣਾਂ ਦੇ ਕੰਮ ਨੂੰ ਨਿਰਵਿਘਨ, ਸ਼ਾਤੀ ਪੂਰਵਕ ਨੇਪਰੇ ਚਾੜ੍ਹਨ ਲਈ ਤੇ ਚੋਣਾਂ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਲੋੜੀਂਦੇ ਉਪਰਾਲੇ ਕੀਤੇ ਗਏ ਹਨ।

# ਵੱਖ-ਵੱਖ ਸੜਕ ਹਾਦਸਿਆਂ 'ਚ ਚਾਰ ਜ਼ਖ਼ਮੀ




ਪਟਿਆਲਾ, 23 ਮਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਰੁਕਮਨੀ ਕੁਮਾਰੀ ਪਤਨੀ ਮੁਕੇਸ਼ ਕੁਮਾਰ ਵਾਸੀ ਪਿੱਛੇ ਸੁਰਿੰਦਰ ਗੈਸ ਏਜੰਸੀ ਐਸਐਸਟੀ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਗੱਡੀ ਦੇ ਡਰਾਇਵਰ ਲਖਵਿੰਦਰ ਸਿੰਘ ਵਾਸੀ ਪਿੰਡ ਨੈਣ ਕਲਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਅਮਰ ਹਸਪਤਾਲ ਪਟਿਆਲਾ ਕੋਲ ਪੈਦਲ ਜਾ ਰਹੀ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਤ੍ਰਿਪੜੀ ਪੁਲਿਸ ਕੋਲ ਸੁਰਿੰਦਰ ਕੁਮਾਰ ਪੁੱਤਰ ਮਹਿੰਦਰ ਸਿੰਘ ਵਾਸੀ ਨੇੜੇ ਮਾਨ ਜਿਮ ਤ੍ਰਿਪੜੀ ਪਟਿਆਲਾ ਨੇ ਕਾਰ ਡਰਾਇਵਰ ਜਤਿਨ ਸੱਚਦੇਵਾ ਵਾਸੀ ਜਗਦੀਸ਼ ਇਨਕਲੇਵ 100 ਫੁੱਟੀ ਰੋਡ ਤ੍ਰਿਪੜੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣਾ ਈ-ਰਿਕਸ਼ਾ ਲੈ ਕੇ ਚਿੱਟੀਆਂ ਕੋਠੀਆਂ ਨੇੜੇ ਬਹਾਵਲਪੁਰੀਆ ਪੈਲਸ ਤ੍ਰਿਪੜੀ ਪਾਸ ਜਾ ਰਿਹਾ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜਿਸ ਕਾਰਨ ਮੁਦਈ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਤ੍ਰਿਪੜੀ ਪੁਲਿਸ ਕੋਲ ਸਿਮਰਨਜੀਤ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਖੁੱਡਾ ਨੇ ਗੱਡੀ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਦੋਸਤ ਲਖਵਿੰਦਰ ਸਿੰਘ ਵਾਸੀ ਪਿੰਡ ਖੁੱਡਾ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਥਾਪਰ ਚੌਂਕ ਦੀਆ ਬੱਤੀਆ ਪਾਸ ਜਾ ਰਿਹਾ ਸੀ ਤਾਂ ਅਣਪਛਾਤੇ ਡਰਾਈਵਰ ਨੇ ਆਪਣੀ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਹ ਅਤੇ ਉਸਦੇ ਦੋਸਤ ਦੇ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਲੋਕੋਮੋਟਿਵ ਵਰਕਸ ਵਿਖੇ 19ਵਾਂ ਰੋਜ਼ਗਾਰ ਮੇਲਾ ਲਗਾਇਆ



ਪਟਿਆਲਾ, 23 ਮਈ (ਰੁਪਾਣਾ) : ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਦੇਸ਼-ਪੱਧਰੀ ਰੋਜ਼ਗਾਰ ਸ੍ਰਿਜਨ ਮੁਹਿੰਮ ਦੇ ਤਹਿਤ ਅੱਜ ਪਟਿਆਲਾ ਲੋਕੋਮੋਟਿਵ ਵਰਕਸ (ਪੀਐਲਡਬਲਯੂ), ਪਟਿਆਲਾ ਵਿਖੇ 19ਵਾਂ ਰੋਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ। ਇਸ ਮੌਕੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਰਚੁਅਲ ਮਾਧਿਅਮ ਰਾਹੀਂ ਦੇਸ਼ ਭਰ ਦੇ ਨਵ-ਨਿਯੁਕਤ ਉਮੀਦਵਾਰਾਂ ਨੂੰ ਸੰਬੋਧਨ ਕੀਤਾ। ਇਸ ਰੋਜ਼ਗਾਰ ਮੇਲੇ ਦੌਰਾਨ ਦੇਸ਼ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਨਿਯੁਕਤ ਕੀਤੇ ਗਏ 51 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਪੀਐਲਡਬਲਯੂ, ਪਟਿਆਲਾ ਵਿਖੇ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਸੰਬੰਧਿਤ ਕੁੱਲ 188 ਉਮੀਦਵਾਰਾਂ ਨੂੰ ਪ੍ਰਿੰਸੀਪਲ ਮੁੱਖ ਪ੍ਰਸ਼ਾਸਕੀ ਅਧਿਕਾਰੀ (ਪੀਸੀਏਓ), ਪੀਐਲਡਬਲਿਊ, ਸ਼੍ਰੀ ਸੁਸ਼ੀਲ ਕੁਮਾਰ ਸ੍ਰੀਵਾਸਤਵ ਵੱਲੋਂ ਨਿਯੁਕਤੀ ਪੱਤਰ ਸੌਂਪੇ ਗਏ। ਇਨ੍ਹਾਂ ਵਿੱਚੋਂ 126 ਉਮੀਦਵਾਰ ਵੱਖ-ਵੱਖ ਟਰੇਡਾਂ ਵਿੱਚ ਪਟਿਆਲਾ ਲੋਕੋਮੋਟਿਵ ਵਰਕਸ ਵਿੱਚ ਆਪਣੀਆਂ ਸੇਵਾਵਾਂ ਸੰਭਾਲਣਗੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ਼੍ਰੀ ਸੁਸ਼ੀਲ ਕੁਮਾਰ ਸ੍ਰੀਵਾਸਤਵ ਨੇ ਨਵ-ਨਿਯੁਕਤ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਰੋਜ਼ਗਾਰ ਮੇਲਾ ਦੇਸ਼ ਦੇ ਨੌਜਵਾਨਾਂ ਨੂੰ ਅਰਥਪੂਰਨ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਸਰਕਾਰੀ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਪ੍ਰਤੀ ਸਰਕਾਰ ਦੀ ਲਗਾਤਾਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਸ਼ਰਧਾਲੂਆਂ ਲਈ ਵਰਦਾਨ : ਘੁਮਾਣ



ਦੇਵੀਗੜ੍ਹ, 23 ਮਈ (ਗੁਰਜੀਤ ਸਿੰਘ ਢੌਟ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਤਿਹਾਸਕ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਅੱਜ ਹਲਕੇ ਸਨੌਰ ਵਿੱਚ ਉਸ ਸਮੇਂ ਸ਼ਰਧਾ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਬਜ਼ੁਰਗ ਸ਼ਰਧਾਲੂਆਂ ਨਾਲ ਭਰੀਆਂ ਦੋ ਵਿਸ਼ੇਸ਼ ਬੱਸਾਂ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਦੇਖਰੇਖ ਹੇਠ ਇੱਕ ਬੱਸ ਵਿਦਿਆ ਨਗਰ ਤੋਂ ਅਤੇ ਦੂਜੀ ਬੱਸ ਗੁਰੂ ਨਾਨਕ ਕਲੋਨੀ ਬਹਾਦਰਗੜ੍ਹ ਤੋਂ ਇਲਾਕੇ ਦੇ ਮੋਹਤਬਰਾਂ ਦੀ ਹਾਜ਼ਰੀ ਵਿੱਚ ਰਵਾਨਾ ਹੋਈ, ਜਿਸ ਨੂੰ ਬਲਾਕ ਸੰਮਤੀ ਸਨੌਰ ਦੇ ਵਾਈਸ ਚੇਅਰਮੈਨ ਸ. ਹਰਪ੍ਰੀਤ ਸਿੰਘ ਘੁਮਾਣ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸ਼ਰਧਾਲੂਆਂ ਨੂੰ ਸੁਖਦ ਯਾਤਰਾ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਵਾਈਸ ਚੇਅਰਮੈਨ ਸਰਦਾਰ ਹਰਪ੍ਰੀਤ ਸਿੰਘ ਘੁਮਾਣ ਨੇ ਕਿਹਾ ਕਿ ਮਾਨ ਸਰਕਾਰ ਆਮ ਲੋਕਾਂ ਦੇ ਦੁੱਖ-ਸੁੱਖ ਦੀ ਸੱਚੀ ਭਾਈਵਾਲ ਹੈ। ਇਸ ਮੌਕੇ ਵਿਦਿਆ ਨਗਰ ਦੀ ਸਰਪੰਚ ਬਲਵਿੰਦਰ ਕੌਰ ਅਤੇ ਗੁਰੂ ਨਾਨਕ ਕਲੋਨੀ ਬਹਾਦਰਗੜ੍ਹ ਦੀ ਸਰਪੰਚ ਮਨਜੀਤ ਕੌਰ ਨੇ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਜਨਾ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਲਈ ਬਹੁਤ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਆਪ ਆਗੂ ਗੁਰਜੀਤ ਸਿੰਘ ਭੱਠਲ, ਗੁਰਪ੍ਰੀਤ ਸਿੰਘ ਅਤੇ ਮਨਵਿੰਦਰ ਕੌਰ ਨੇ ਵੀ ਯਾਤਰੀਆਂ ਨੂੰ ਸੁਰੱਖਿਅਤ ਅਤੇ ਮੰਗਲਮਈ ਯਾਤਰਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਹਾਜ਼ਰ ਆਗੂਆਂ ਨੇ ਦੁਹਰਾਇਆ ਕਿ ਲੋਕਾਂ ਦੀ ਨਿਸ਼ਕਾਮ ਸੇਵਾ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੀ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

# ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਪੁਲਿਸ ਵੱਲੋਂ ਫਲੈਗ ਮਾਰਚ

ਸਮਾਣਾ, 23 ਮਈ (ਵਿਜੇ ਕੁਮਾਰ) : 26 ਮਈ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਡੀ.ਐਸ.ਪੀ. ਸਮਾਣਾ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਵੱਲੋਂ ਇੱਕ ਫਲੈਗ ਮਾਰਚ ਕੱਢਿਆ ਗਿਆ, ਜੋ ਸ਼ਹਿਰ ਦੇ ਮੁੱਖ ਰਸਤਿਆਂ ਤੋਂ ਹੁੰਦਾ ਹੋਇਆ ਗੁਜ਼ਰਿਆ। ਇਸ ਫਲੈਗ ਮਾਰਚ ਵਿੱਚ ਸਦਰ ਪੁਲਿਸ ਇੰਸਪੈਕਟਰ ਅਜੇ ਕੁਮਾਰ, ਸਿਟੀ ਪੁਲਿਸ ਇੰਚਾਰਜ ਬਲਜੀਤ ਸਿੰਘ ਅਤੇ ਪਸਿਆਣਾ ਥਾਣਾ ਇੰਚਾਰਜ ਸਮੇਤ ਕਈ ਪੁਲਿਸ ਚੌਕੀਆਂ ਦੇ ਇੰਚਾਰਜ ਅਤੇ ਜਵਾਨ ਸ਼ਾਮਲ ਹੋਏ। ਇਸ ਮੌਕੇ ਗੱਲਬਾਤ ਕਰਦਿਆਂ ਡੀ.ਐਸ.ਪੀ. ਫ਼ਤਿਹ ਸਿੰਘ ਬਰਾੜ ਨੇ ਦੱਸਿਆ ਕਿ ਫਲੈਗ ਮਾਰਚ ਦਾ ਮੁੱਖ ਉਦੇਸ਼ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਤੇ ਵਿਸ਼ਵਾਸ ਪੈਦਾ ਕਰਨਾ ਹੈ। ਉਨ੍ਹਾਂ ਚੋਣ ਅਮਲ ਨੂੰ ਸ਼ਾਂਤੀਪੂਰਵਕ ਅਤੇ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਮੰਦੀ ਸ਼ਬਦਾਵਲੀ ਦੀ ਵਰਤੋਂ ਨਾ ਕਰਨ ਅਤੇ ਨਿਰਪੱਖ ਹੋ ਕੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ।

# ਸੜਕ ਹਾਦਸੇ ਦੌਰਾਨ ਜ਼ਖ਼ਮੀ ਹੋਏ ਫ਼ੌਜੀ ਦੀ ਇਲਾਜ ਦੌਰਾਨ ਮੌਤ

ਸਮਾਣਾ, 23 ਮਈ (ਵਿਜੇ ਕੁਮਾਰ) : ਖੇਤ ਵਿੱਚੋਂ ਹਰਾ ਚਾਰਾ ਲੈ ਕੇ ਘਰ ਪਰਤ ਰਹੇ ਇੱਕ ਸੇਵਾਮੁਕਤ ਫ਼ੌਜੀ ਦਾ ਮੋਟਰਸਾਈਕਲ ਹਾਦਸਾਗ੍ਰਸਤ ਹੋਣ ਕਾਰਨ ਗੰਭੀਰ ਜ਼ਖ਼ਮੀ ਹੋਏ ਫ਼ੌਜੀ ਦੀ ਇਲਾਜ ਦੌਰਾਨ ਮੌਤ ਹੋ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐੱਸ.ਆਈ. ਅੰਗਰੇਜ਼ ਸਿੰਘ ਨੇ ਦੱਸਿਆ ਕਿ ਮ੍ਰਿਤਕ ਲਛਮਣ ਸਿੰਘ (60) ਦੇ ਪੁੱਤਰ ਵਿਕਰਮਜੀਤ ਸਿੰਘ ਨਿਵਾਸੀ ਪਿੰਡ ਬਾਦਸ਼ਾਹਪੁਰ ਕਾਲੇਕੀ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ, 21 ਮਈ ਦੀ ਸ਼ਾਮ ਨੂੰ ਉਸ ਦੇ ਪਿਤਾ ਖੇਤ ਵਿੱਚੋਂ ਹਰਾ ਚਾਰਾ ਲੈ ਕੇ ਘਰ ਆ ਰਹੇ ਸਨ। ਜਦੋਂ ਉਹ ਪਿੰਡ ਤੋਂ ਬਾਹਰ ਨੌ ਗਜ਼ਾ ਪੀਰ ਨੇੜੇ ਪਹੁੰਚੇ ਤਾਂ ਸੜਕ 'ਤੇ ਉਨ੍ਹਾਂ ਦਾ ਮੋਟਰਸਾਈਕਲ ਬੇਕਾਬੂ ਹੋ ਕੇ ਖੇਤਾਂ ਵਿੱਚ ਜਾ ਡਿੱਗਿਆ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਗੰਭੀਰ ਹਾਲਤ ਵਿੱਚ ਉਨ੍ਹਾਂ ਨੂੰ ਘਰ ਲਿਆਉਣ 'ਤੇ ਇਲਾਜ ਦੌਰਾਨ ਅਗਲੇ ਦਿਨ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀ ਅਨੁਸਾਰ, ਦਰਜ ਕਰਵਾਏ ਗਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆਏ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕੀਤੀ ਹੈ। ਡਾ: ਦੀਪਕ ਮੋਂਗਾ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੇ ਤਿੰਨ ਮੈਂਬਰੀ ਪੈਨਲ ਵੱਲੋਂ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

# ਡਾ. ਅੰਬੇਡਕਰ ਵਾਲੀ ਹੋਵੇ ਹਰ ਇੱਕ ਇਨਸਾਨ ਦੀ ਸੋਚ : ਕਰੁਨ ਕੌੜਾ



ਨਾਭਾ, 23 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ) : ਬੀਤੇ ਦਿਨ ਸਮਾਜ ਸੇਵੀ ਅਤੇ ਨੌਜਵਾਨ ਆਗੂ ਕਰੁਨ ਕੌੜਾ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੀ ਉੱਤਰ ਭਾਰਤ ਦੀ ਸਭ ਤੋਂ ਵੱਡੀ ਬਣ ਰਹੀ ਮੂਰਤੀ ਵਾਲੀ ਜਗ੍ਹਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਉਥੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਇਹ ਸਥਾਨ ਆਉਣ ਵਾਲੇ ਸਮੇਂ ਵਿੱਚ ਸਮਾਜ ਲਈ ਪ੍ਰੇਰਨਾ ਦਾ ਕੇਂਦਰ ਬਣੇਗਾ। ਕਰੁਨ ਕੌੜਾ ਨੇ ਕਿਹਾ ਕਿ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਇਸ ਪ੍ਰੋਜੈਕਟ ਦੇ ਅੰਦਰ ਇੱਕ ਯੂ ਪੀ ਐਸ ਸੀ ਸੈਂਟਰ ਵੀ ਬਣਾਇਆ ਜਾ ਰਿਹਾ ਹੈ, ਜਿੱਥੇ ਬੱਚਿਆਂ ਨੂੰ ਯੂ ਪੀ ਐਸ ਸੀ ਦੀ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੜ੍ਹਿਆ-ਲਿਖਿਆ ਨੌਜਵਾਨ ਹੀ ਦੇਸ਼ ਅਤੇ ਸਮਾਜ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ। ਇਸ ਤਰ੍ਹਾਂ ਦੇ ਉਪਰਾਲੇ ਸਮਾਜ ਦੇ ਹਰ ਵਰਗ ਦੇ ਬੱਚਿਆਂ ਨੂੰ ਵੱਡੇ ਅਫ਼ਸਰ ਬਣਨ ਦਾ ਮੌਕਾ ਦੇਣਗੇ। ਉਨ੍ਹਾਂ ਨੇ ਕਿਹਾ ਕਿ ਡਾਕਟਰ ਅੰਬੇਡਕਰ ਸਾਹਿਬ ਦੀ ਬਣ ਰਹੀ 66 ਫੁੱਟ ਉੱਚੀ ਮੂਰਤੀ ਸਿਰਫ਼ ਇੱਕ ਯਾਦਗਾਰ ਨਹੀਂ, ਸਗੋਂ ਸਮਾਜ ਵਿੱਚ ਬਰਾਬਰੀ, ਸਿੱਖਿਆ ਅਤੇ ਸੰਤੁਲਣ ਦਾ ਸੰਦੇਸ਼ ਦੇਵੇਗੀ। ਕਰੁਨ ਕੌੜਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਅੰਬੇਡਕਰ ਵਾਦੀ ਸੋਚ ਹੀ ਸਮਾਜ ਵਿੱਚ ਸੰਤੁਲਨ ਅਤੇ ਭਾਈਚਾਰੇ ਨੂੰ ਮਜ਼ਬੂਤ ਕਰ ਸਕਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਿੱਖਿਆ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਬਣਾਉਣ। ਕਰੁਨ ਕੌੜਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਮਾਜ ਨੂੰ ਜੋੜਨ ਵਾਲੀ ਸੋਚ ਦੀ ਸਭ ਤੋਂ ਵੱਧ ਲੋੜ ਹੈ ਅਤੇ ਬਾਬਾ ਸਾਹਿਬ ਦੇ ਵਿਚਾਰ ਹਰ ਵਰਗ ਨੂੰ ਇਕੱਠੇ ਲੈ ਕੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ, ਸਮਾਨਤਾ ਅਤੇ ਸੰਵਿਧਾਨਕ ਅਧਿਕਾਰਾਂ ਲਈ ਡਾਕਟਰ ਅੰਬੇਡਕਰ ਵੱਲੋਂ ਦਿੱਤਾ ਗਿਆ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀ ਸੋਚ ਨੂੰ ਅਪਣਾ ਕੇ ਹੀ ਇੱਕ ਮਜ਼ਬੂਤ ਅਤੇ ਸੰਤੁਲਿਤ ਸਮਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਇਸ ਮੌਕੇ ਕਰੁਨ ਕੌੜਾ ਨੇ ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਸਿੱਖਿਆ ਅਤੇ ਸਮਾਜ ਸੇਵਾ ਵੱਲ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਹਰ ਨੌਜਵਾਨ ਅੰਬੇਡਕਰ ਵਾਦੀ ਸੋਚ ਨੂੰ ਅਪਣਾਏ ਤਾਂ ਪੰਜਾਬ ਅਤੇ ਦੇਸ਼ ਦਾ ਭਵਿੱਖ ਹੋਰ ਵੀ ਮਜ਼ਬੂਤ ਅਤੇ ਚਮਕਦਾਰ ਬਣ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ
ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ
ਅੱਜ ਦਾ ਪ੍ਰੋਗਰਾਮ
24-5-2026
ਦਿਨ-ਐਤਵਾਰ



ਭਾਈ ਤਖਤ ਸਿੰਘ ਜੀ
ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁਰਦੁਆਰਾ ਭਾਈ ਵੀਰ ਸਿੰਘ ਜੀ (ਸਦਰ ਬਾਜ਼ਾਰ)
ਕੀਰਤਨ ਬੀਬੀ ਜਸਪ੍ਰੀਤ ਕੌਰ, ਪਟਿਆਲਾ ਵਾਲੇ।
ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ

